# ਸਾਲਾਨਾ ਰਿਪੋਰਟ

## ਸਰਕਾਰੀ ਕਾਲਜ ਲੜਕੀਆਂ, ਪਟਿਆਲਾ

## 2022-23

ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ **ਪਰਮ ਸਤਿਕਾਰਯੋਗ ਸ. ਭਗਵੰਤ ਸਿੰਘ ਮਾਨ , ਮੁੱਖ ਮੰਤਰੀ ,ਪੰਜਾਬ ,** ਵੱਖ-ਵੱਖ ਕਾਲਜਾਂ ਤੋਂ ਆਏ ਪ੍ਰਿੰਸੀਪਲ ਸਾਹਿਬਾਨ, ਅਧਿਆਪਕ ਸਾਹਿਬਾਨ, ਸਾਬਕਾ ਅਧਿਆਪਕ, ਪੀ.ਟੀ.ਏ., ਐਚ.ਏ.ਆਈ.ਐਸ. ਦੇ ਅਹੁਦੇਦਾਰ , ਮੈਂਬਰ ਸਾਹਿਬਾਨ, ਪੱਤਰਕਾਰ , ਡਿਜ਼ੀਟਲ ਮੀਡੀਆ, ਪਤਵੰਤੇ ਸੱਜਣ, ਕਾਲਜ ਦੇ ਸਟਾਫ਼ ਮੈਂਬਰਜ਼ ਅਤੇ ਪਿਆਰੇ ਵਿਦਿਆਰਥੀਓ।

ਅੱਜ ਦੇ ਇਸ ਇਨਾਮ ਵੰਡ ਸਮਾਰੋਹ ਵਿੱਚ ਮੈਂ ਆਪ ਸਭ ਦਾ ਤਹਿ ਦਿਲੋਂ ਸੁਆਗਤ ਕਰਦੀ ਹਾਂ ਅਤੇ ਆਪ ਸਭ ਨੂੰ '**ਜੀ ਆਇਆ ਨੂੰ**' ਆਖਦੀ ਹਾਂ। ਸਾਡੇ ਲਈ ਇਹ ਬੇਹੱਦ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਸਾਡੇ ਅੱਜ ਦੇ ਸਮਾਰੋਹ ਦੀ ਸ਼ੋਭਾ ਵਧਾਉਣ ਲਈ **ਪਰਮ ਸਤਿਕਾਰਯੋਗ ਸ. ਭਗਵੰਤ ਸਿੰਘ ਮਾਨ , ਮੁੱਖ ਮੰਤਰੀ, ਪੰਜਾਬ ਸ਼ਾਮਿਲ ਹੋਏ ਹਨ।**

ਕਹਿੰਦੇ ਹਨ, ਵੱਡੇ ਸੁਪਨੇ ਦੇਖਣ ਦੀ ਹਿੰਮਤ ਕਰਨ ਵਾਲੇ ਅਤੇ ਇਸ ਦਿਸ਼ਾ ਵੱਲ ਨਿਰੰਤਰ ਯਤਨਸ਼ੀਲ ਰਹਿਣ ਵਾਲੇ ਹੀ ਅਕਸਰ, ਕਾਮਯਾਬ ਹੁੰਦੇ ਹਨ।ਇਸ ਗੱਲ ਦੀ ਜਿਊਂਦੀ ਜਾਗਦੀ ਮਿਸਾਲ ਹਨ- **ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ।**

ਪੰਜਾਬ ਦੇ ਜਿਲ੍ਹਾ ਸੰਗਰੂਰ ਦੇ ਪਿੰਡ ਸਤੌਜ ਵਿੱਚ ਜਨਮੇ ਸ. ਭਗਵੰਤ ਸਿੰਘ ਮਾਨ ਨੇ ਆਪਣੀ ਮੁਢੱਲੀ ਸਿੱਖਿਆ, ਪਿੰਡ ਚੀਮਾ ਦੇ ਸਰਕਾਰੀ ਸਕੂਲ ਤੋਂ ਹਾਸਲ ਕੀਤੀ । ਮਗਰੋਂ ਬੀ.ਕਾਮ ਦੀ ਪੜ੍ਹਾਈ ਲਈ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ , ਸੁਨਾਮ ਵਿਖੇ ਦਾਖਲਾ ਲਿਆ।

ਉਹਨਾਂ ਨੇ ਆਪਣਾ ਕੈਰੀਅਰ ਬਤੌਰ ਕਲਾਕਾਰ, ਯੂਨੀਵਰਸਿਟੀ ਦੇ ਯੂਥ ਫੈਸਟੀਵਲਾਂ ਅਤੇ ਅੰਤਰ-ਕਾਲਜ ਮੁਕਾਬਲਿਆਂ ਵਿੱਚ ਭਾਗ ਲੈਣ ਤੋਂ ਕੀਤਾ ਸੀ, ਪਰ ਮਨ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਕੁੱਝ ਨਿਵੇਕਲਾ ਕਰਨ ਦਾ ਜ਼ਜਬਾ ਰੱਖਦਿਆਂ, ਕਦਮ ਦਰ ਕਦਮ ਅੱਗੇ ਵਧਦਿਆਂ , 2022 ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਜਿੱਤ ਕੇ 16 ਮਾਰਚ 2022 ਨੂੰ 17ਵੇਂ ਮੁੱਖ ਮੰਤਰੀ, ਪੰਜਾਬ ਬਣੇ।ਉਹਨਾਂ ਦੀ ਜਿੱਤ ਇੱਕ ਆਮ ਆਦਮੀ ਦੀ ਜਿੱਤ ਸੀ, ਪੰਜਾਬ ਵਿੱਚ ਉਹਨਾਂ ਦੀ ਸਰਕਾਰ ਦੀ ਆਮਦ ਨਾਲ ਪੰਜਾਬ ਦੇ ਸੁਨਿਹਰੀ ਭਵਿੱਖ ਦੀ ਆਸ ਨਿਰੰਤਰ ਪੂਰੀ ਹੁੰਦੀ ਨਜਰ ਆ ਰਹੀ ਹੈ।

ਅਸੀ ਆਪ ਜੀ ਦੇ ਬਹੁਤ ਰਿਣੀ ਹਾਂ ਕਿ ਆਪ ਜੀ ਨੇ ਆਪਣੀ ਅਤਿ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਸਾਨੂੰ ਨਿਵਾਜਿਆ ਹੈ, ਆਪ ਜੀ ਦੀ ਆਮਦ ਨਾਲ ਸਾਡੀਆਂ ਵਿਦਿਆਰਥਣਾਂ ਨੂੰ ਬਹੁਤ ਪ੍ਰੇਰਨਾ ਮਿਲੇਗੀ ਅਤੇ ਆਪ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਸਾਡੀਆਂ ਵਿਦਿਆਰਥਣਾਂ ਜੀਵਨ ਵਿੱਚ ਹੋਰ ਤੱਰਕੀ ਕਰਨਗੀਆਂ। ਮੈਂ ਆਪ ਜੀ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਇੱਥੇ ਆਉਣ ਤੇ ਇੱਕ ਵਾਰੀ ਫਿਰ '**ਜੀ ਆਇਆ ਨੂੰ**' ਕਹਿੰਦੀ ਹਾਂ।

## ਕਾਲਜ ਦਾ ਪਿਛੋਕੜ

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਉੱਤਰੀ ਭਾਰਤ ਦੀ ਇੱਕ ਨਾਮਵਾਰ ਸੰਸਥਾ ਹੈ।ਮੈਂਨੂੰ ਇਹ ਦੱਸਦਿਆਂ ਬੜੀ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ 2016 ਵਿੱਚ ਰਾਸ਼ਟਰੀ ਸੰਸਥਾ ***NAAC ਵੱਲੋਂ 'ਏ' ਗਰੇਡ*** ਹਾਸਿਲ ਕਰਨ ਵਾਲੀ ਇਹ ਸੰਸਥਾ , 2022 ਵਿੱਚ ਆਪਣੇ 80 ਵਰ੍ਹਿਆਂ ਦਾ ਸ਼ਾਨਦਾਰ ਸਫ਼ਰ ਕਾਮਯਾਬੀ ਦੀ ਬੁਲੰਦੀਆਂ ਨੂੰ ਛੂੰਹਦੇ ਹੋਏ ਮੁਕੰਮਲ ਕਰ ਚੁੱਕੀ ਹੈ। 20 ਜੂਨ , 1942 ਨੂੰ ਇਸ ਦੀਆਂ ਕਲਾਸਾਂ ਵਿਕਟੋਰੀਆ ਗਰਲਜ਼ ਸਕੂਲ , ਪਟਿਆਲਾ ਵਿਖੇ ਸ਼ੁਰੂ ਹੋਈਆਂ। ਉਸ ਸਮੇਂ ਇਸ ਦਾ ਨਾਂ ਵਿਕਟੋਰੀਆ ਗਰਲਜ਼ ਕਾਲਜ ਰੱਖਿਆ ਗਿਆ।ਪੈਪਸੂ ਸਰਕਾਰ ਨੇ 1950 ਵਿੱਚ ਇਸ ਨੂੰ ਡਿਗਰੀ ਕਾਲਜ ਵਿੱਚ ਤਬਦੀਲ ਕੀਤਾ । ਇਹ ਪੈਪਸੂ ਸਰਕਾਰ ਦਾ ਪਹਿਲਾ

ਲੜਕੀਆਂ ਦਾ ਡਿਗਰੀ ਕਾਲਜ ਸੀ।ਇਸ ਉਪਰੰਤ ਇਸ ਦਾ ਨਾਂ ਬਦਲ ਕੇ 'ਗੌਰਮਿੰਟ ਕਾਲਜ ਫਾਰ ਵਿਮੈਨ' ਰੱਖਿਆ ਗਿਆ।

ਕਾਲਜ ਦੀ ਵਰਤਮਾਨ ਇਮਾਰਤ ਦਾ ਰਸਮੀ ਤੌਰ ਤੇ ਉਸ ਵਕਤ ਦੇ ਉਪ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ 23 ਜਨਵਰੀ 1954 ਵਿੱਚ ਰੱਖ ਕੇ ਇਸ ਦਾ ਮਾਣ ਵਧਾਇਆ।ਮਹਾਰਾਣੀ ਮਹਿੰਦਰ ਪਾਲ ਕੌਰ ਜੀ ਨੇ 17 ਮਾਰਚ 1954 ਨੂੰ ਆਪਣੇ ਕਰ ਕਮਲਾਂ ਨਾਲ ਇਸ ਦਾ ਉਦਘਾਟਨ ਕਰਕੇ ਇਸ ਸੰਸਥਾ ਨੂੰ ਗੌਰਵ ਪ੍ਰਦਾਨ ਕੀਤਾ। ਕਾਲਜ ਵਿਖੇ 1992 ਵਿਖੇ ਹੋਏ ਗੋਲਡਨ ਜੁਬਲੀ ਸਮਾਰੋਹ ਦੌਰਾਨ ਸਵਰਗਵਾਸੀ ਸ. ਬੇਅੰਤ ਸਿੰਘ ਤਦ ਮੁੱਖ ਮੱਤਰੀ ਪੰਜਾਬ ਨੇ ਇਸ ਕਾਲਜ ਦਾ ਨਾਂ ਸਰਕਾਰੀ ਕਾਲਜ ਫਾਰ ਵਿਮੈਨ ਤੋਂ ਬਦਲ ਕੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ(ਮੌਜੂਦਾ ਨਾਮ) ਰੱਖਿਆ।ਇਸ ਸਮੇਂ ਤੋਂ ਲੈਕੇ ਹੁਣ ਇਹ ਕਾਲਜ ਮਾਲਵਾ ਖੇਤਰ ਦੀਆਂ ਲੜਕੀਆਂ ਨੂੰ ਵਧੀਆ ਅਤੇ ਮਿਆਰੀ ਢੰਗ ਨਾਲ ਸਿੱਖਿਆ ਦਿੰਦਾ ਆ ਰਿਹਾ ਹੈ।ਆਪਣੀਆਂ ਸ਼ਾਨਦਾਰ ਅਤੇ ਵਿਲੱਖਣ ਪ੍ਰਾਪਤੀਆਂ ਕਾਰਨ ਇਸ ਕਾਲਜ ਨੇ ਵਿਦਿਅਕ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

ਕਾਲਜ ਦੇ ਮੋਟੋ ਸੱਤਿਅਮ, ਸ਼ਿਵਮ , ਸੁੰਦਰਮ ( ਸੱਚਾ-ਸੁੱਚਾ , ਕਲਿਆਣਮਈ, ਸੋਹਣਾ) ਨੂੰ ਸਾਕਾਰ ਕਰਦਿਆਂ ਹੋਇਆਂ ਇਹ ਸੰਸਥਾ ਵਿਦਿਆਰਥਣਾਂ ਦੀ ਸਰਵਪੱਖੀ ਸ਼ਖਸ਼ੀਅਤ ਉਸਾਰੀ ਕਰਨ ਹਿੱਤ ਸਾਹਿਤਕ, ਸਭਿਆਚਾਰਕ , ਅਕਾਦਮਿਕ, ਐਨ.ਸੀ.ਸੀ. , ਐਨ.ਐਸ.ਐਸ. , ਰੈਂਡ ਕਰਾਸ ਅਤੇ ਖੇਡਾਂ ਜਿਹੀਆਂ ਗਤੀਵਿਧੀਆਂ ਪ੍ਰਫੁਲਿਤ ਕਰਦਾ ਆ ਰਿਹਾ ਹੈ।

**ਹੁਣ ਮੈਂ ਆਪ ਜੀ ਦੇ ਸਾਹਮਣੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੀ ਸਾਲ 2022-23 ਦੀ ਸਾਲਾਨਾ ਰਿਪੋਰਟ ਪੇਸ਼ ਕਰਨ ਦੀ ਖੁਸ਼ੀ ਲੈ ਰਹੀ ਹਾਂ।**

## ਦਾਖ਼ਲੇ

ਇਸ ਸਾਲ ਵੱਖ-ਵੱਖ ਸ਼੍ਰੇਣੀਆਂ ਵਿੱਚ ਲਗਭਗ 1560 ਵਿਦਿਆਰਥਣਾਂ ਨੇ ਦਾਖਲਾ ਲਿਆ।ਕਾਲਜ ਵਿੱਚ ਅੰਡਰ ਗ੍ਰੈਜੂਏਟ ਕੋਰਸਜ਼ ਵਿੱਚ **ਬੀ.ਏ.** (ਆਰਟਸ), **ਬੀ.ਐਸ.ਸੀ.** (ਹੋਮ ਸਾਇੰਸ), **ਬੀ.ਐਸ.ਸੀ.** (ਬਾਇਓਟੈਕਨਾਲੋਜੀ) ਅਤੇ **ਬੀ.ਐਸ.ਸੀ.** (ਮੈਡੀਕਲ ਅਤੇ ਨਾਨ ਮੈਡੀਕਲ ਕੰਪਿਊਟਰ ਐਪਲੀਕੇਸ਼ਨਜ਼) ਪੜ੍ਹਾਏ ਜਾਂਦੇ ਹਨ। ਪੋਸਟ ਗ੍ਰੈਜੂਏਟ ਕੋਰਸਜ਼ ਵਿੱਚ **ਐਮ.ਏ. ( ਡਾਂਸ, ਕੋਮਲ ਕਲਾ ਅਤੇ ਸੰਗੀਤ ਗਾਇਨ)** ਅਤੇ **ਐਮ.ਐਸ.ਸੀ.** (**ਫੂਡ ਐਂਡ ਨਿਊਟ੍ਰੀਸ਼ਨ**) ਪੜ੍ਹਾਏ ਜਾਂਦੇ ਹਨ।ਬੀ.ਏ. ਆਰਟਸ ਵਿੱਚ ਵੋਕੇਸ਼ਨਲ ਵਿਸ਼ਾ ਫੰਕਸ਼ਨਲ ਇੰਗਲਿਸ਼ ਪੜਾਇਆ ਜਾਂਦਾ ਹੈ।ਅੰਗ੍ਰੇਜ਼ੀ, ਹਿੰਦੀ, ਮਨੋਵਿਗਿਆਨ , ਰਾਜਨੀਤੀ ਸ਼ਾਸਤਰ, ਫਿਲਾਸਫੀ ਅਤੇ ਇਕਨਾਮਿਕਸ ਵਿਸ਼ਿਆਂ ਵਿੱਚ ਆਨਰਜ਼ ਦਾ ਵੀ ਪ੍ਰਬੰਧ ਹੈ। **HEIS ਅਧੀਨ ਕਾਲਜ ਵਿੱਚ ਬੀ.ਸੀ.ਏ. ਅਤੇ ਪੀ.ਜੀ.ਡੀ.ਸੀ.ਏ. ਵੀ ਸ਼ੁਰੂ ਕੀਤੀ ਗਈ ਹੈ ।**

## ਸਟਾਫ਼

ਮੌਜੂਦਾ ਸੈਸ਼ਨ ਵਿੱਚ ਕਾਲਜ ਵਿੱਚ 27 ਰੈਗੂਲਰ ਲੈਕਚਰਾਰ, 01 ਕੰਟਰੈਕਚੂਅਲ ਅਤੇ 10 ਪਾਰਟ-ਟਾਈਮ ਲੈਕਚਰਾਰ ਹਨ।ਇਸ ਤੋਂ ਇਲਾਵਾ 22 ਲੈਕਚਰਾਰ ਗੈਸਟ ਫੈਕਲਟੀ ਵਜੋਂ ਅਤੇ 07 ਕਾਂਟ੍ਰੈਕਟ ਬੇਸਿਸ (ਸੈਲਫ਼ ਫਾਇਨਾਂਸ ਕੋਰਸ) ਤੇ ਪੜ੍ਹਾ ਰਹੇ ਹਨ।ਕਾਲਜ ਵਿੱਚ ਇੱਕ ਲਾਇਬ੍ਰੇਰੀਅਨ ਹਨ।

ਇਸ ਸੈਸ਼ਨ ਦੌਰਾਨ ਪ੍ਰੋ. ਸੰਜੀਵ ਵਾਸਤਵ (ਐਸੋ. ਪ੍ਰੋ. ਫਾਈਨ ਆਰਟਸ), ਡਾ. ਪਰਮਜੀਤ ਕੌਰ (ਐਸੋ. ਪ੍ਰੋ. ਸਾਈਕਾਲੋਜੀ), ਪ੍ਰੋ. ਨੀਰੂ ਸੂਰੀ(ਐਸੋ. ਪ੍ਰੋ. ਸੰਗੀਤ ਗਾਇਨ) ਅਤੇ ਪ੍ਰੋ. ਕੰਵਲਜੀਤ ਕੌਰ (ਐਸੋ. ਪ੍ਰੋ. ਪੰਜਾਬੀ ) ਭਾਰ ਮੁਕਤ ਹੋਏ।

ਪ੍ਰੋ. ਆਰਤੀ ਬਖਸ਼ੀ ਟ੍ਰਾਂਸਫਰ ਹੋ ਕੇ ਸਰਕਾਰੀ ਕਾਲਜ ਮੋਹਾਲੀ ਵਿਖੇ ਗਏ ਅਤੇ ਪ੍ਰੋ. ਰਵਿੰਦਰ ਕੌਰ ਸੂਚ, ਡਾ. ਲਵਲੀਨ ਅਤੇ ਪ੍ਰੋ. ਹਰਤੇਜ਼ ਕੌਰ ਟਿਵਾਣਾ ਬਤੌਰ ਪਿੰਸੀਪਲ ਪਦ-ਉੱਨਤ ਹੋਏ।

# ਪ੍ਰਬੰਧਕੀ ਅਮਲਾ

ਕਾਲਜ ਦੇ ਦਫ਼ਤਰ ਦੇ ਪ੍ਰਬੰਧਕੀ ਅਮਲੇ ਵਿੱਚ 12 ਦਰਜਾ ਤਿੰਨ ਅਤੇ 10 ਦਰਜਾ ਚਾਰ ਕਰਮਚਾਰੀ ਹਨ। ਸ਼੍ਰੀ ਸੁਰਿੰਦਰ ਪਾਲ ਸਿੰਘ ਸੁਪਰਡੰਟ ਅਤੇ ਸ਼੍ਰੀ ਨਰਿੰਦਰ ਕੁਮਾਰ ਤਬਲਾ ਇੰਸਟਰਕਟਰ ਸੈਸ਼ਨ ਦੌਰਾਨ ਭਾਰ ਮੁਕਤ ਹੋਏ।

# ਅਕਾਦਮਿਕ ਪ੍ਰਾਪਤੀਆਂ

ਕਾਲਜ ਦੇ ਵਿਦਿਆਰਥੀਆਂ ਨੇ ਕਾਲਜ ਦੇ ਨਾਲ-ਨਾਲ ਯੂਨੀਵਰਸਿਟੀ ਪੱਧਰ ਤੇ ਵੀ ਖੂਬ ਮੱਲਾ ਮਾਰੀਆਂ ਹਨ।

| ਲੜੀ ਨੰਬਰ | ਕਲਾਸ | ਰੋਲ ਨੰਬਰ | ਨਾਮ | ਪਿਤਾ ਦਾ ਨਾਂ | ਪ੍ਰਾਪਤੀ |
|---|---|---|---|---|---|
| 1 | ਐਮ.ਏ ਸੰਗੀਤ- 2 | 4451<br>361103 | ਰਵਨੀਤ ਕੌਰ | ਸ. ਮੋਹਨ ਲਾਲ | ਕਾਲਜ ਵਿੱਚ ਪਹਿਲਾ ਸਥਾਨ |
| 2 | ਐਮ.ਏ ਸੰਗੀਤ- 2 | 4454<br>361104 | ਕਾਜਲ ਮਾਲਾਨਾ | ਸ. ਬਲਵੰਤ ਸਿੰਘ | ਕਾਲਜ ਵਿੱਚ ਦੂਜਾ ਸਥਾਨ |
| 3 | ਐਮ.ਏ ਸੰਗੀਤ- 1 | -----<br>131506 | ਗੁਰਜੋਤ ਕੌਰ | ਸ. ਮਨਜੀਤ ਕੌਰ | ਕਾਲਜ ਵਿੱਚ ਪਹਿਲਾ ਸਥਾਨ |
| 4 | ਐਮ.ਏ ਸੰਗੀਤ- 1 | -----<br>131503 | ਜਸਪ੍ਰੀਤ ਕੌਰ | ਸ. ਵਰਿੰਦਰ ਸਿੰਘ | ਕਾਲਜ ਵਿੱਚ ਦੂਜਾ ਸਥਾਨ |
| 5 | ਐਮ.ਏ ਡਾਂਸ -2 | -----<br>348201 | ਸੁਮਨ ਬਾਲਾ | ਸ਼੍ਰੀ ਰਾਮ ਬਹਾਦੁਰ | ਕਾਲਜ ਵਿੱਚ ਪਹਿਲਾ ਸਥਾਨ |
| 6 | ਐਮ.ਏ ਡਾਂਸ -2 | -----<br>348204 | ਗੀਤਾਜ਼ਲੀ | ਸ਼੍ਰੀ ਨਰੇਸ਼ ਕੁਮਾਰ | ਕਾਲਜ ਵਿੱਚ ਦੂਜਾ ਸਥਾਨ |
| 7 | ਐਮ.ਏ ਡਾਂਸ -1 | -----<br>124601 | ਸਲੌਨੀ | ਸ਼੍ਰੀ ਰਣਜੀਤ ਰਾਮ ਯਾਦਵ | ਕਾਲਜ ਵਿੱਚ ਪਹਿਲਾ ਸਥਾਨ |
| 8 | ਐਮ.ਏ ਡਾਂਸ -1 | -----<br>124603 | ਰਸ਼ਮੀ ਬਾਲਾ | ਸ਼੍ਰੀ ਭਿਸ਼ਮ ਪਿਤਾਮਾ | ਕਾਲਜ ਵਿੱਚ ਦੂਜਾ ਸਥਾਨ |
| 9 | ਐਮ.ਏ. ਫਾਈਨ ਆਰਟਸ -2 | -----<br>324602 | ਸੰਦੀਪ ਕੌਰ | ਸ਼੍ਰੀ ਗਿਆਨ ਚੰਦ | ਕਾਲਜ ਵਿੱਚ ਪਹਿਲਾ ਸਥਾਨ |
| 10 | ਐਮ.ਏ. ਫਾਈਨ ਆਰਟਸ -2 | -----<br>324604 | ਨਵਪ੍ਰੀਤ ਕੌਰ | ਸ਼੍ਰੀ ਪੱਪੀ ਸਿੰਘ | ਕਾਲਜ ਵਿੱਚ ਦੂਜਾ ਸਥਾਨ |
| 11 | ਐਮ.ਏ. ਫਾਈਨ ਆਰਟਸ -1 | -----<br>112206 | ਬੇਬੀ ਕੌਰ | ਸ. ਗੁਰਮੀਤ ਸਿੰਘ | ਕਾਲਜ ਵਿੱਚ ਪਹਿਲਾ ਸਥਾਨ |
| 12 | ਐਮ.ਏ. ਫਾਈਨ ਆਰਟਸ -1 | -----<br>112203 | ਮੀਨਾ ਰਾਣੀ | ਸ਼੍ਰੀ ਬੀਰਬਲ ਖਾਨ | ਕਾਲਜ ਵਿੱਚ ਦੂਜਾ ਸਥਾਨ |
| 13 | ਬੀ.ਏ. -3 | -----<br>513036 | ਭੁਵਿੰਦਰ ਕੌਰ | ਸ. ਗੁਰਮੀਤ ਸਿੰਘ | 84.63%<br>ਕਾਲਜ ਵਿੱਚ ਪਹਿਲਾ ਸਥਾਨ |
| 14 | ਬੀ.ਏ. -3 | -----<br>513027 | ਦਿਲਪ੍ਰੀਤ ਕੌਰ | ਸ. ਜਸਵੰਤ ਸਿੰਘ | ਕਾਲਜ ਵਿੱਚ ਦੂਜਾ ਸਥਾਨ |
| 15 | ਬੀ.ਏ. -2 | -----<br>333132 | ਖਿਆਤੀ ਸ਼ਰਮਾ | ਸ਼੍ਰੀ ਜਗਮੋਹਨ ਸ਼ਰਮਾ | 85.9%<br>ਕਾਲਜ ਵਿੱਚ ਪਹਿਲਾ ਸਥਾਨ |
| 16 | ਬੀ.ਏ. -2 | -----<br>332951 | ਸਪਨਾ | ਸ਼੍ਰੀ ਸੁਭਾਸ਼ ਕੁਮਾਰ | 85.1%<br>ਕਾਲਜ ਵਿੱਚ ਦੂਜਾ ਸਥਾਨ |
| 17 | ਬੀ.ਏ. -1 | -----<br>135657 | ਮੁਸਕਾਨ | ਸ. ਕਰਨ ਸਿੰਘ | 81%<br>ਕਾਲਜ ਵਿੱਚ ਪਹਿਲਾ ਸਥਾਨ |

| | | | | | |
|---|---|---|---|---|---|
| 18 | ਬੀ.ਏ. -1 | -----<br>135799 | ਇਸ਼ਿਤਾ | ਸ਼੍ਰੀ ਰਜੇਸ਼ ਰੋਸ਼ਾਨ | ਕਾਲਜ ਵਿੱਚ ਦੂਜਾ ਸਥਾਨ |
| 19 | ਬੀ.ਐਸਸੀ. ਹੋਮ ਸਾਇੰਸ ਭਾਗ ਤੀਜਾ | -----<br>624903 | ਕੋਮਲਪ੍ਰੀਤ | ਸ. ਮੁੱਖਤਿਆਰ ਸਿੰਘ | 87.4%<br>ਕਾਲਜ ਵਿੱਚ ਪਹਿਲਾ ਸਥਾਨ |
| 20 | ਬੀ.ਐਸਸੀ. ਬਾਇਓਟੈਕ-3 | -----<br>651305 | ਮਨਪ੍ਰੀਤ ਕੌਰ | ਸ. ਬਲਵਿੰਦਰ ਸਿੰਘ | 84.5%<br>ਕਾਲਜ ਵਿੱਚ ਪਹਿਲਾ ਸਥਾਨ |
| 21 | ਬੀ.ਐਸਸੀ. ਬਾਇਓਟੈਕ -3 | -----<br>651304 | ਨੇਹਾ | ਸ਼੍ਰੀ ਰਾਜ ਕੁਮਾਰ | 82.5%<br>ਕਾਲਜ ਵਿੱਚ ਦੂਜਾ ਸਥਾਨ |
| 22 | ਬੀ.ਐਸਸੀ. ਬਾਇਓਟੈਕ -2 | -----<br>648002 | ਪੂਨੀਤ ਕੌਰ | ਸ. ਇੰਦਰਜੀਤ ਕੌਰ | 81.5%<br>ਕਾਲਜ ਵਿੱਚ ਪਹਿਲਾ ਸਥਾਨ |
| 23 | ਬੀ.ਐਸਸੀ. ਬਾਇਓਟੈਕ -2 | -----<br>648001 | ਸ਼ਮੀ ਰਾਣੀ | ਸ਼੍ਰੀ ਸਤਿਸ਼ ਕੁਮਾਰ | 80.5%<br>ਕਾਲਜ ਵਿੱਚ ਦੂਜਾ ਸਥਾਨ |
| 24 | ਬੀ.ਐਸਸੀ. ਬਾਇਓਟੈਕ -1 | -----<br>47204 | ਗੁਰਲੀਨ ਕੌਰ ਸੰਧੂ | ਸ. ਗੁਰਦੀਪ ਸਿੰਘ ਸੰਧੂ | 80.5%<br>ਕਾਲਜ ਵਿੱਚ ਪਹਿਲਾ ਸਥਾਨ |
| 25 | ਬੀ.ਐਸਸੀ. ਬਾਇਓਟੈਕ -1 | -----<br>47202 | ਪਰਵਿੰਦਰ ਕੌਰ | ਸ. ਹਰਜਿੰਦਰ ਸਿੰਘ | 80.0%<br>ਕਾਲਜ ਵਿੱਚ ਦੂਜਾ ਸਥਾਨ |
| 26 | ਬੀ.ਐਸਸੀ. ਨਾਨ-ਮੈਡੀਕਲ-3 | -----<br>419627 | ਜਸਨਦੀਪ ਕੌਰ | ਸ. ਜਸਪਾਲ ਸਿੰਘ | 81.2%<br>ਕਾਲਜ ਵਿੱਚ ਪਹਿਲਾ ਸਥਾਨ |
| 27 | ਬੀ.ਐਸਸੀ. ਨਾਨ-ਮੈਡੀਕਲ-3 | -----<br>419619 | ਮਨਪ੍ਰੀਤ ਕੌਰ | ਸ. ਰਜਿੰਦਰ ਸਿੰਘ | 78.2%<br>ਕਾਲਜ ਵਿੱਚ ਦੂਜਾ ਸਥਾਨ |
| 28 | ਬੀ.ਐਸਸੀ. ਨਾਨ-ਮੈਡੀਕਲ -2 | -----<br>402409 | ਪਵਨਦੀਪ ਕੌਰ | ਸ. ਬਿੰਦਰ ਸਿੰਘ | 81.9%<br>ਕਾਲਜ ਵਿੱਚ ਪਹਿਲਾ ਸਥਾਨ |
| 29 | ਬੀ.ਐਸਸੀ. ਨਾਨ-ਮੈਡੀਕਲ -2 | -----<br>402424 | ਦੇਵਿੰਦਰ ਸ਼ਰਮਾ | ਸ਼੍ਰੀ ਸੁਖਜਿਵਨ ਸਿੰਘ | 80.2%<br>ਕਾਲਜ ਵਿੱਚ ਦੂਜਾ ਸਥਾਨ |
| 30 | ਬੀ.ਐਸਸੀ. ਨਾਨ-ਮੈਡੀਕਲ -1 | -----<br>462618 | ਰਾਜਵੰਤ ਸ਼ਰਮਾ | ਸ਼੍ਰੀ ਜਸਵਿੰਦਰ ਕੁਮਾਰ | 79.3%<br>ਕਾਲਜ ਵਿੱਚ ਪਹਿਲਾ ਸਥਾਨ |
| 31 | ਬੀ.ਐਸਸੀ. ਨਾਨ-ਮੈਡੀਕਲ -1 | -----<br>462613 | ਸਪਾਲੀ | ਸ਼੍ਰੀ ਸੰਜੇ ਕੁਮਾਰ | 76.7%<br>ਕਾਲਜ ਵਿੱਚ ਦੂਜਾ ਸਥਾਨ |
| 32 | ਬੀ.ਐਸਸੀ. ਮੈਡੀਕਲ-3 | -----<br>419623 | ਖੁਸ਼ੀ ਪ੍ਰਿਆ | ਸ਼੍ਰੀ ਰਾਜੇਸ਼ ਕੁਮਾਰ | 87.82%<br>ਕਾਲਜ ਵਿੱਚ ਪਹਿਲਾ ਸਥਾਨ |
| 33 | ਬੀ.ਐਸਸੀ. ਮੈਡੀਕਲ-3 | -----<br>419608 | ਰਿੱਤੂ ਸ਼ਰਮਾ | ਸ਼੍ਰੀ ਅਵਤਾਰ ਸਿੰਘ | 85.91%<br>ਕਾਲਜ ਵਿੱਚ ਦੂਜਾ ਸਥਾਨ |
| 34 | ਬੀ.ਐਸਸੀ. ਮੈਡੀਕਲ-2 | -----<br>402414 | ਮਨਪ੍ਰੀਤ ਕੌਰ | ਸ. ਤਰਸੇਮ ਸਿੰਘ | 78.72%<br>ਕਾਲਜ ਵਿੱਚ ਪਹਿਲਾ ਸਥਾਨ |
| 35 | ਬੀ.ਐਸਸੀ. ਮੈਡੀਕਲ-2 | -----<br>402405 | ਸੇਜ਼ਲ | ਸ਼੍ਰੀ ਹਰਬੰਸ ਲਾਲ | 76.96%<br>ਕਾਲਜ ਵਿੱਚ ਦੂਜਾ ਸਥਾਨ |
| 36 | ਬੀ.ਐਸਸੀ. ਮੈਡੀਕਲ-1 | -----<br>462624 | ਕੋਮਲਪ੍ਰੀਤ | ਸ਼੍ਰੀ ਹਰੀ ਕ੍ਰਿਸ਼ਨ | 80.18%<br>ਕਾਲਜ ਵਿੱਚ ਪਹਿਲਾ ਸਥਾਨ |
| 37 | ਬੀ.ਐਸਸੀ. ਮੈਡੀਕਲ-1 | -----<br>462616 | ਰੁਬਲਪ੍ਰੀਤ ਕੌਰ | ਸ. ਗੁਲਜਾਰ ਸਿੰਘ | 76.81%<br>ਕਾਲਜ ਵਿੱਚ ਦੂਜਾ ਸਥਾਨ |
| 38 | ਬੀ.ਸੀ.ਏ. -3 | -----<br>139716 | ਅਮਨਪ੍ਰੀਤ ਕੌਰ | ਸ. ਰਣਜੀਤ ਸਿੰਘ | 83.2%<br>ਕਾਲਜ ਵਿੱਚ ਪਹਿਲਾ ਸਥਾਨ |
| 39 | ਬੀ.ਸੀ.ਏ. -3 | -----<br>139713 | ਜੋਤੀ | ਸ. ਜੋਗਿੰਦਰ ਸਿੰਘ | 82.7%<br>ਕਾਲਜ ਵਿੱਚ ਦੂਜਾ ਸਥਾਨ |

| | | | | | |
|---|---|---|---|---|---|
| 40 | ਬੀ.ਸੀ.ਏ. -2 | -----<br>105901 | ਸਿਮਰਨ ਕੌਰ | ਸ. ਮਨਜੀਤ ਸਿੰਘ | 79.2%<br>ਕਾਲਜ ਵਿੱਚ ਪਹਿਲਾ ਸਥਾਨ |
| 41 | ਬੀ.ਸੀ.ਏ. -2 | -----<br>105905 | ਜਸਨਦੀਪ ਕੌਰ | ਸ. ਮਨਵੀਤ ਸਿੰਘ | 74.2%<br>ਕਾਲਜ ਵਿੱਚ ਦੂਜਾ ਸਥਾਨ |
| 42 | ਬੀ.ਸੀ.ਏ. -1 | -----<br>312125 | ਹਰਮੀਤ ਕੌਰ | ਸ. ਭੁਪਿੰਦਰ ਸਿੰਘ | 73.8%<br>ਕਾਲਜ ਵਿੱਚ ਪਹਿਲਾ ਸਥਾਨ |
| 43 | ਬੀ.ਸੀ.ਏ. -1 | -----<br>312123 | ਜੈਸਮੀਨ ਕੌਰ | ਸ. ਸੁਖਵਿੰਦਰ ਸਿੰਘ | 73.6%<br>ਕਾਲਜ ਵਿੱਚ ਦੂਜਾ ਸਥਾਨ |
| 44 | ਪੀਜੀਡੀਸੀਏ | -----<br>102029 | ਜਸਪ੍ਰੀਤ ਕੌਰ | ਸ. ਜਸਵਿੰਦਰ ਸਿੰਘ | 84.3%<br>ਕਾਲਜ ਵਿੱਚ ਪਹਿਲਾ ਸਥਾਨ |
| 45 | ਪੀਜੀਡੀਸੀਏ | -----<br>102016 | ਪਲਵੀ ਵਰਮਾ | ਸ਼੍ਰੀ ਨਿਲਮ ਕੁਮਾਰ ਵਰਮਾ | 81.1%<br>ਕਾਲਜ ਵਿੱਚ ਦੂਜਾ ਸਥਾਨ |

## ਵਿਭਾਗੀ ਗੀਤਵਿਧੀਆਂ

### ਫਾਈਨ ਆਰਟਸ ਵਿਭਾਗ

- 7 ਅਪ੍ਰੈਲ, 2022 ਨੂੰ **ਵਰਲਡ ਹੈਲਥ ਡੇ** ਦੇ ਮੌਕੇ ਸਿਹਤ ਵਿਭਾਗ ਸਿਵਲ ਸਰਜਨ, ਪਟਿਆਲਾ ਵੱਲੋਂ ਕਰਵਾਏ ਗਏ ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਮਨਪ੍ਰੀਤ ਕੌਰ ਅਤੇ ਕਮਲਪ੍ਰੀਤ ਕੌਰ ਬੀ.ਏ.ਭਾਗ ਤੀਜਾ ਦੀਆਂ ਵਿਦਿਆਰਥਣਾਂ ਨੇ ਪਹਿਲਾ ਸਥਾਨ, ਰਜਨੀ ਰਾਣੀ ਬੀ.ਏ.ਭਾਗ ਤੀਜਾ ਦੀ ਵਿਦਿਰਾਥਣ ਨੇ ਦੂਜਾ ਸਥਾਨ , ਨਵਪ੍ਰੀਤ ਕੌਰ ਐਮ. ਏ. ਭਾਗ ਦੂਜਾ ਦੀ ਵਿਦਿਆਰਥਣ ਨੇ ਤੀਜਾ ਸਥਾਨ ਪ੍ਰਾਪਤ ਕੀਤਾ।
- 30 ਮਈ ਤੋਂ 3 ਜੂਨ 2022 ਤੱਕ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਕਲਾਕ੍ਰਿਤੀਆਂ ਦੀ ਪ੍ਰਦਰਸ਼ਨੀ ਕਾਲਜ ਦੇ ਅੰਮ੍ਰਿਤਾ ਸ਼ੇਰਗਿੱਲ ਸਟੂਡਿਓ ਅਤੇ ਮਹਾਰਾਜਾ ਰਣਜੀਤ ਸਿੰਘ ਰੀਡਿੰਗ ਹਾਲ ਵਿੱਚ ਆਯੋਜਿਤ ਕੀਤੀ ਗਈ।ਇਸ ਪ੍ਰਦਰਸ਼ਨੀ ਨੂੰ ਦਰਸ਼ਕਾਂ ਦਾ ਭਰਵਾ ਹੁੰਗਾਰਾ ਮਿਲਿਆ।
- 27 ਸਤੰਬਰ ਨੂੰ ਵਿਭਾਗ ਵਿੱਚ ਟੇਲੈਂਟ ਹੰਟ ਮੁਕਾਬਲੇ ਕਰਵਾਏ ਗਏ।
- 16 ਤੋਂ 19 ਅਕਤੂਬਰ ਤੱਕ ਹੋਏ ਖੇਤਰੀ ਯੁਵਕ ਮੇਲੇ ਵਿੱਚ ਫਾਈਨ ਆਰਟਸ ਵਿਭਾਗ ਨੇ ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਵਾਸਤੇ **ਓਵਰਆਲ ਟ੍ਰਾਫੀ** ਹਾਸਿਲ ਕੀਤੀ।ਮਨਪ੍ਰੀਤ ਕੌਰ ਨੇ ਮਿੱਟੀ ਦੇ ਖਿਡੌਣੇ ਅਤੇ ਕਲੇਅ ਮਾਡਲਿੰਗ ਵਿੱਚ **ਪਹਿਲਾ ਸਥਾਨ,** ਕਮਲਜੀਤ ਕੌਰ ਪੋਸਟਰ ਮੇਕਿੰਗ ਵਿੱਚ ਤੀਜਾ ਸਥਾਨ, ਡਾਲਮੀਆ ਬੀ.ਏ.ਭਾਗ ਪਹਿਲਾ ਦੀ ਵਿਦਿਆਰਥਣ ਨੇ ਫੋਟੋਗ੍ਰਾਫ਼ੀ ਵਿੱਚ ਪਹਿਲਾ ਸਥਾਨ ਅਤੇ ਮੰਜੂ ਰਾਣੀ ਬੀ.ਏ.ਭਾਗ ਦੂਜਾ ਦੀ ਵਿਦਿਆਰਥਣ ਨੇ ਕੌਲਾਜ ਮੇਕਿੰਗ ਵਿੱਚ ਦੂਜਾ ਸਥਾਨ ਹਾਸਿਲ ਕੀਤਾ।
- 27 ਸਤੰਬਰ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਦੇ ਮੌਕੇ ਵਿਭਾਗ ਦੇ ਵਿਦਿਆਰਥੀਆਂ ਨੇ ਸ. ਭਗਤ ਸਿੰਘ ਪੋਰਟਰੇਟ, ਪੋਸਟਰ ਅਤੇ ਸਲੋਗਨ ਤਿਆਰ ਕੀਤੇ ਅਤੇ ਸਾਈਕਲ ਰੈਲੀ ਕੱਢ ਕੇ ਸ.ਭਗਤ ਸਿੰਘ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਉਪਰਾਲੇ ਕੀਤੇ।
- 4 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਤੇ ਵਿਦਿਆਰਥੀਆਂ ਨੇ ਗੁਰੂ ਸਾਹਿਬ ਦੀ ਬਾਣੀ ਅਤੇ ਜੀਵਨ ਨਾਲ ਸਬੰਧਤ ਚਿਤਰਾਂ ਦੀ ਨੁਮਾਇਸ਼ ਕੀਤੀ।
- 10 ਤੋਂ 13 ਨਵੰਬਰ ਤੱਕ ਹੋਏ ਅੰਤਰ ਖੇਤਰੀ ਯੁਵਕ ਮੇਲੇ ਵਿੱਚ ਮਿੱਟੀ ਦੇ ਖਿਡੌਣੇ ਮੁਕਾਬਲੇ ਵਿੱਚ ਪਹਿਲਾ ਅਤੇ ਕੋਲਾਜ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ।
- 1 ਦਸੰਬਰ,2022 ਨੂੰ **ਵਿਸ਼ਵ ਏਡਜ਼ ਦਿਵਸ** ਮਨਾਇਆ ਗਿਆ, ਵਿਭਾਗ ਵਿੱਚ ਪੋਸਟਰ ਮੁਕਾਬਲਾ ਆਯੋਜਿਤ ਕੀਤਾ ਗਿਆ, ਜਿਸ ਵਿੱਚ ਮਨਪ੍ਰੀਤ ਕੌਰ ਬੀਏ.ਭਾਗ ਦੂਜਾ ਦੀ ਵਿਦਿਆਥਣ ਨੇ ਪਹਿਲਾ, ਰੇਸ਼ਮਾ ਬੀਏ.ਭਾਗ

ਦੂਜਾ ਦੀ ਵਿਦਿਆਰਥਣ ਨੇ ਦੂਜਾ, ਤਨੁਸ਼ ਬੀਏ.ਭਾਗ ਦੂਜਾ ਦੀ ਵਿਦਿਆਰਥਣ ਨੇ ਤੀਜਾ ਅਤੇ ਮਨਪ੍ਰੀਤ ਕੌਰ ਨੇ ਚੌਥਾ ਸਥਾਨ ਹਾਸਲ ਕੀਤਾ।

- 13 ਫਰਵਰੀ, 2023 ਨੂੰ ਦੋ ਰੋਜ਼ਾ ਯੂਥ ਡੇ ਸਮਾਰੋਹ ਮਨਾਇਆ ਗਿਆ।ਇਸ ਜ਼ਿਲਾ ਪੱਧਰੀ ਸਮਾਰੋਹ ਦੌਰਾਨ ਹੋਏ ਪੋਸਟਰ, ਕੌਲਾਜ ਅਤੇ ਸਲੋਗਨ ਮੁਕਾਬਲਿਆਂ ਵਿੱਚ ਕਮਲਜੀਤ ਕੌਰ, ਮੰਜੂ ਰਾਣੀ, ਡਾਲਮੀਆ ਅਤੇ ਸਿਮਰਨਜੀਤ ਕੌਰ ਜੇਤੂ ਰਹੇ।
- ਪ੍ਰੋ. ਗੁਰਵੀਨ ਕੌਰ ਨੇ ਨਵੰਬਰ 2022 ਵਿੱਚ ਪੂਨਾ ਵਿਖੇ ਵਾਟਰ ਕਲਰ ਪੇਟਿੰਗਜ਼ ਦੇ ਗਰੁੱਪ ਸ਼ੋਅ ਵਿੱਚ 2 ਚਿੱਤਰ ਪ੍ਰਦਰਸ਼ਿਤ ਕੀਤੇ।6 ਦਸੰਬਰ, 2022 ਨੂੰ ਸਟੇਟ ਕਾਲਜ ਪਟਿਆਲਾ ਵਿਖੇ ਅਸਥੈਟਿਕਸ ਵਿਸ਼ੇ ਤੇ ਲੈਕਚਰ ਦਿੱਤਾ।
- ਪਟਿਆਲਾ ਹੈਰੀਟੇਜ਼ ਫੈਸਟੀਵਲ ਦੌਰਾਨ 27 ਜਨਵਰੀ ਨੂੰ ਵਿਭਾਗ ਦੇ ਵਿਦਿਆਰਥੀਆਂ ਦੇ ਚਿਤਰਾਂ ਦੀ ਪ੍ਰਦਰਸ਼ਨੀ ਸੈਂਟਰਲ ਲਾਇਬ੍ਰੇਰੀ ਦੇ ਹਾਲ ਵਿੱਚ ਆਯੋਜਤ ਕੀਤੀ ਗਈ। ਇਸੇ ਸਮਾਰੋਹ ਦੌਰਾਨ ਸ਼ੀਸ਼ ਮਹਿਲ ਮੋਤੀ ਬਾਗ ਪਟਿਆਲਾ ਵਿਖੇ ਹੋਣ ਵਾਲੇ ਕ੍ਰਾਫਟ ਮੇਲੇ ਦੀ ਸਜਾਵਟ ਵਾਸਤੇ ਵਿਭਾਗ ਨੇ ਸਜਾਵਟੀ ਚਿੱਤਰ ਅਤੇ ਪੋਸਟਰਜ਼ ਤਿਆਰ ਕੀਤੇ ਜਿਨ੍ਹਾਂ ਨੇ ਹੈਰੀਟੇਜ਼ ਮੇਲੇ ਦੀ ਸ਼ੋਭਾ ਵਧਾਈ।

## ਸੰਗੀਤ ਵਾਦਨ ਵਿਭਾਗ

- ਸੰਗੀਤ ਵਾਦਨ ਵਿਭਾਗ ਵੱਲੋਂ 29 ਅਪ੍ਰੈਲ, 2022 ਨੂੰ **ਵਰਲਡ ਡਾਂਸ ਡੇ** ਜੋ ਕਿ ਕਾਲਜ ਵਿਖੇ ਮਨਾਇਆ ਗਿਆ, ਵਿੱਚ ਪੰਜਾਬ ਦੀ ਲੋਕ ਧੁਨਾਂ ਦੀ ਸਿਤਾਰ ਤੇ ਪੇਸ਼ਕਾਰੀ ਕੀਤੀ।
- ਸੈਸ਼ਨ ਦੇ ਆਰੰਭ ਵਿੱਚ ਟੇਲੈਂਟ ਹੰਟ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਬੀ.ਏ.ਭਾਗ ਪਹਿਲਾ, ਦੂਜਾ ਅਤੇ ਤੀਜਾ ਅਤੇ ਐਮ.ਏ ਭਾਗ ਪਹਿਲਾ ਵੋਕਲ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।
- 7 ਨਵੰਬਰ, 2022 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਗੁਰਪੂਰਬ ਨੂੰ ਸਮਰਪਿਤ ਮੂਲ ਮੰਤਰ ਦੇ ਜਾਪ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਕੀਤੇ ਗਏ।
- 13 ਦਸੰਬਰ, 2022 ਨੂੰ ਸਕੂਲੀ ਵਿਦਿਆਰਥਣਾਂ ਦੇ ਸਪੈਸ਼ਲ ਵਿਜ਼ਿਟ ਮੌਕੇ ਕੀਤੇ ਗਏ ਰੰਗਾਂ ਰੰਗ ਪ੍ਰੋਗਰਾਮ ਵਿੱਚ ਸੰਗੀਤ ਵਾਦਨ ਵਿਭਾਗ ਵੱਲੋਂ ਪੰਜਾਬੀ ਲੋਕ ਧੁਨਾਂ ਤੇ ਮੈਸ਼ਅੱਪ ਦੀ ਪ੍ਰਸਤੁਤੀ ਦਿੱਤੀ ਗਈ।
- 13 ਜਨਵਰੀ, 2023 ਨੂੰ ਕਾਲਜ ਦੀ ਐਲੂਮਨਾਈ ਮੀਟ ਦੌਰਾਨ ਸੰਗੀਤ ਵਾਦਨ ਵਿਭਾਗ ਦੀਆਂ ਬਹੁਤ ਸਾਰੀਆਂ ਵਿਦਿਆਰਥਣਾਂ ਨੇ ਕਾਲਜ ਅਤੇ ਵਿਭਾਗ ਵਿਖੇ ਸ਼ਿਰਕਤ ਕੀਤੀ।
- 30 ਜਨਵਰੀ, 2023 ਤੋਂ 4 ਫਰਵਰੀ, 2023 ਤੱਕ ਜੰਮੂ ਵਿਖੇ ਹੋਣ ਵਾਲੇ ਨਾਰਥ ਜ਼ੋਨ ਫੈਸਟੀਵਲ ਵਿੱਚ ਵਿਭਾਗ ਵੱਲੋਂ ਐਮ.ਏ. ਡਾਂਸ ਦੂਜਾ ਦੀ ਵਿਦਿਆਰਥਣ ਅੰਜਲੀ ਨੇ ਫੋਕ ਆਰਕੈਸਟਰਾ ਦੀ ਟੀਮ ਮੈਂਬਰ ਵੱਜੋਂ ਭਾਗ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।
- 24 ਫਰਵਰੀ ਤੋਂ 28 ਫਰਵਰੀ, 2023 ਨੂੰ ਬੰਗਲੋਰ ਵਿਖੇ ਨੈਸ਼ਨਲ ਫੈਸਟੀਵਲ ਵਿੱਚ ਅੰਜਲੀ ਨੇ ਹੀ ਫੋਕ ਆਰਕੈਸਟਰਾ ਦੀ ਟੀਮ ਮੈਂਬਰ ਵੱਜੋਂ ਭਾਗ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।
- 14 ਮਾਰਚ, 2023 ਨੂੰ ਸੰਗੀਤ ਵਾਦਨ ਵਿਭਾਗ ਵੱਲੋਂ ਲੈਕਚਰ ਕਮ ਡੈਮੋਨਸਟ੍ਰੇਸ਼ਨ ਕਰਵਾਇਆ ਗਿਆ।ਜਿਸ ਵਿੱਚ ਡਾ. ਭੈਰਵੀ ਜੋ ਕਿ ਸਰਕਾਰੀ ਕਾਲਜ ਲੜਕੀਆਂ,ਚੀਕਾ (ਹਰਿਆਣਾ) ਵਿਖੇ ਬਤੌਰ ਅਸਿਸਟੈਂਟ ਪ੍ਰੋਫੈਸਰ ਕਾਰਜ ਕਰ ਰਹੇ ਹਨ ਨੇ ਵਿਦਿਆਰਥਣਾਂ ਨੂੰ ਸਿਤਾਰ ਦੇ ਤੰਤਰਕਾਰੀ ਅਤੇ ਗਾਇਕੀ ਅੰਗ ਦੀਆਂ ਬਾਰੀਕੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦੇ ਹੋਏ, ਵਿਦਿਆਰਥਣਾਂ ਨਾਲ ਰੂਬਰੂ ਹੋਏ।

## ਜੌਗਰਫ਼ੀ ਵਿਭਾਗ

- ਜੋਗਰਫ਼ੀ ਵਿਭਾਗ ਵਿੱਚ ਬੀ.ਏ.ਭਾਗ 1,2 ਅਤੇ 3 ਦੇ ਵਿਦਿਆਰਥੀਆਂ ਵੱਲੋਂ ਮਿਤੀ 26 ਅਪ੍ਰੈਲ, 2022 ਨੂੰ ਜਿਓਗਰਾਫਿਕਲ ਸੋਸਾਇਟੀ – ਗਰੀਨ ਪਲੇਨੈਂਟ ਬਣਾਈ ਗਈ।ਇਹ ਸੋਸਾਇਟੀ ਵਾਤਾਵਰਣ ਨੂੰ ਸਾਫ਼ ਰੱਖਣ,

ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਈਕੋ ਫਰੈਂਡਲੀ ਤਰੀਕਿਆਂ ਨੂੰ ਅਪਣਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੀ ਹੈ।

- 4 ਮਈ, 2022 ਨੂੰ ਗਰੀਨ ਪਲੈਨੈਟ ਸੋਸਾਇਟੀ ਵੱਲੋਂ ਕਾਲਜ ਵਿੱਚ ਪੌਦੇ ਲਗਵਾਏ ਗਏ।
- 19 ਮਈ, 2022 ਨੂੰ ਤਵਿਸ਼ਾ ਠਾਕੁਰ ਬੀ.ਏ.ਭਾਗ ਪਹਿਲਾ (ਰੋਲ ਨੰ: 95) ਜੋਬਨਜੋਤ ਖਰੋੜ, ਬੀ.ਏ. ਭਾਗ ਦੂਜਾ, ਰੋਲ ਨੰ:1747 ਅਤੇ ਹੁਸਨਪ੍ਰੀਤ ਕੌਰ ਬੀ.ਏ. ਭਾਗ ਤੀਜਾ (ਰੋਲ ਨੰ: 3073) ਨੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿੱਚ ਇੰਟਰ ਕਾਲਜ ਜੌਗਰਫ਼ੀ ਕੁਇਜ਼ ਵਿੱਚ ਭਾਗ ਲਿਆ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।
- 2 ਜੂਨ, 2022 ਨੂੰ World Environment Day ਉੱਤੇ ਵਿਭਾਗ ਵਿੱਚ ਲੇਖ ਮੁਕਾਬਲਾ ਕਰਵਾਇਆ ਗਿਆ ਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।
- 29 ਨਵੰਬਰ, 2022 ਨੂੰ ਮਾਡਲ ਮੇਕਿੰਗ ਅਤੇ ਨਕਸ਼ਾ ਬਣਾਉਣ ਮੁਕਾਬਲਾ ਕਰਵਾਇਆ ਗਿਆ। ਪ੍ਰਿੰਸੀਪਲ ਨੇ ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ।
- 13 ਦਸੰਬਰ, 2022 ਨੂੰ ਵਿਭਾਗ ਵਿੱਚ ਜੋਗਰਫ਼ੀ ਮਾਡਲ ਪ੍ਰਦਰਸ਼ਨੀ ਲਗਾਈ ਗਈ ਅਤੇ ਪਟਿਆਲਾ ਦੇ ਲੋਕਲ ਸਕੂਲਾਂ ਦੇ ਵਿਦਿਆਰਥੀ ਇਸ ਪ੍ਰਦਰਸ਼ਨੀ ਨੂੰ ਦੇਖਣ ਆਏ।

## ਕੰਪਿਊਟਰ ਵਿਭਾਗ

- 28 ਮਈ, 2022 ਨੂੰ ਇੱਕ ਰੋਜ਼ਾ ਵਿਦਿਅਕ ਟੂਰ ਕਸੌਲੀ ਲੈ ਕੇ ਗਏ।75 ਵੇਂ ਅਜ਼ਾਦੀ ਦਾ ਮਹਾਉਤਸਵ ਦੇ ਮੌਕੇ ਤੇ 12 ਅਗਸਤ ਨੂੰ ਬੱਚਿਆਂ ਨੂੰ ਤਿਰੰਗੇ ਝੰਡੇ ਵੰਡੇ ਗਏ ਅਤੇ ਪ੍ਰੋਫੈਸਰ ਗਗਨਦੀਪ ਕੌਰ ਨੇ ਇਨਕਲਾਬੀ ਭਾਰਤ ਵਿਸ਼ੇ ਤੇ ਸੈਮੀਨਾਰ ਦਿੱਤਾ।ਇਸ ਮੌਕੇ ਤੇ ਕਾਲਜ ਦਾ ਯੂ-ਟਿਊਬ ਚੈਨਲ ਵੀ ਬਣਾਇਆ ਗਿਆ।
- ਸ਼ਹੀਦ ਭਗਤ ਸਿੰਘ ਦੇ ਜਨਮਦਿਨ ਦੇ ਮੌਕੇ ਤੇ ਕਾਲਜ ਵਿੱਚ 28 ਸਤੰਬਰ, 2022 ਨੂੰ ਅਲੱਗ-ਅਲੱਗ ਗਤੀਵਿਧੀਆਂ ਕਰਵਾਈਆਂ ਗਈਆਂ ਜਿਵੇਂ ਕਿ :- ਸਾਈਕਲ ਰੈਲੀ, ਸਕਿਟ ਆਦਿ ਨੂੰ ਰਿਕਾਰਡ ਕਰਕੇ ਯੂ-ਟਿਊਬ ਚੈਨਲ ਤੇ ਪਾਇਆ ਗਿਆ।
- 5 ਸੰਤਬਰ, 2022 ਨੂੰ ਕੰਪਿਊਟਰ ਵਿਭਾਗ ਵਿੱਚ ਪਹਿਲੇ ਭਾਗ ਦੀਆਂ ਵਿਦਿਆਰਥਣਾਂ ਲਈ Introduction Talk ਦਾ ਆਯੋਜਨ ਕੀਤਾ ਗਿਆ।
- 6 ਅਕਤੂਬਰ, 2022 ਨੂੰ ਕੰਪਿਊਟਰ ਵਿਭਾਗ ਵੱਲੋਂ **ਸਾਈਬਰ ਜਾਗਰੂਕਤਾ** ਦਿਵਸ ਮਨਾਇਆ ਗਿਆ ਜਿਸ ਵਿੱਚ ਪ੍ਰੋ. ਟੀਨਾ, ਪ੍ਰੋ. ਮਨਮੀਤ ਕੌਰ ਅਤੇ ਪ੍ਰੋ. ਗਗਨਦੀਪ ਕੌਰ ਨੇ ਸਾਈਬਰ ਜਾਗਰੂਕਤਾ ਤੇ ਕਰਵਾਏ ਸੈਮੀਨਾਰ ਵਿੱਚ ਲੈਕਚਰ ਵੀ ਦਿੱਤਾ।ਇਸ ਮੌਕੇ ਤੇ ਪ੍ਰੋ. ਗਗਨਦੀਪ ਕੌਰ ਨੂੰ CISO (Chief information security officer) ਨਿਯੁਕਤ ਕੀਤਾ ਗਿਆ।
- 31 ਅਕਤੂਬਰ, 2022 ਨੂੰ ICICI ਬੈਂਕ ਵੱਲੋਂ ਪਲੇਸਮੈਂਟ ਡਰਾਈਵ ਵਿੱਚ ਵਿਭਾਗ ਦੀਆਂ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ 2 ਵਿਦਿਆਰਥਣਾਂ ਨੇ ਬੈਂਕ ਦੀ ਨੌਕਰੀ ਵੀ ਹਾਸਿਲ ਕੀਤੀ।
- 2 ਨਵੰਬਰ, 2022 ਨੂੰ ਸਾਈਬਰ ਜਾਗਰੂਕਤਾ ਨੂੰ ਮੁੱਖ ਰੱਖਦੇ ਪੋਸਟਰ ਮੇਕਿੰਗ ਅਤੇ ਪੀ.ਪੀ.ਟੀ. ਸਲਾਈਡ ਕਰਵਾਉਣ ਦਾ ਮੁਕਾਬਲਾ ਕਰਵਾਇਆ ਗਿਆ।
- 4 ਨਵੰਬਰ, 2022 ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਦੇ ਮੌਕੇ ਤੇ ਵਿਭਾਗ ਵੱਲੋਂ ਡੋਕੂਮੈਂਟਰੀ ਦਿਖਾਈ ਗਈ।
- 9 ਨਵੰਬਰ, 2022 ਨੂੰ ਨੇ Web development ਤੇ workshop ਕਰਵਾਈ ਅਤੇ ਪਲੇਸਮੈਂਟ ਲਈ ਟੈਸਟ ਲਿਆ।
- 7 ਦਸੰਬਰ, 2022 ਨੂੰ ਸਾਈਬਰ ਜਾਗਰੂਕਤਾ ਬੂਥ ਲਗਾਇਆ ਗਿਆ। ਜਿਸ ਵਿੱਚ Spam E-mails ਅਤੇ Whatsapp ਦੀ ਸਕਿਓਰਟੀ ਬਾਰੇ ਜਾਗਰੂਕ ਕਰਵਾਇਆ ਗਿਆ।

- 16 ਫਰਵਰੀ, 2023 ਨੂੰ ਕਾਲਜ ਵੇਖਣ ਆਏ ਸਕੂਲੀ ਵਿਦਿਆਰਥਣਾਂ ਵੱਲੋਂ ਵਿਭਾਗ ਦਾ ਦੌਰਾ ਕੀਤਾ ਗਿਆ।
- 22 ਫਰਵਰੀ, 2023 ਨੂੰ ਕਰੀਅਰ ਗਾਈਡੈਂਸ ਕਾਂਸਲਿੰਗ ਕਰਵਾਈ ਗਈ। ਜਿਸ ਵਿੱਚ Solitaire Infosys ਤੋਂ ਆਏ Mr. Jaspreet Singh ਨੇ ਵਿਭਾਗ ਦੀਆਂ ਵਿਦਿਆਰਥਣਾਂ ਨੂੰ ਗਾਈਡੈਂਸ ਦਿੱਤੀ।

## ਮਨੋਵਿਗਿਆਨ ਵਿਭਾਗ

- ਮਨੋਵਿਗਿਆਨ ਵਿਭਾਗ ਵੱਲੋਂ ਮਿਤੀ 09.08.2022 ਨੂੰ **ਹਰ ਘਰ ਤਿਰੰਗਾ** ਮੁਹਿੰਮ ਤਹਿਤ ਪੋਸਟਰ ਮੇਕਿੰਗ ਗਤੀਵਿਧੀ ਕਰਵਾਈ ਗਈ, ਜਿਸ ਵਿੱਚ ਬੀ.ਏ.ਭਾਗ ਦੂਜਾ ਅਤੇ ਬੀ.ਏ.ਭਾਗ ਤੀਜਾ ਦੀਆਂ ਵਿਦਿਆਰਥਣਾਂ ਨੇ ਦੇਸ਼ ਪਿਆਰ ਦਾ ਪ੍ਰਗਟਾਵਾ ਰੰਗਾਂ ਰਾਹੀਂ ਪੋਸਟਰ ਬਣਾ ਕੇ ਕੀਤਾ।
- World Mental Health Day ਦੇ ਮੌਕੇ ਤੇ ਵਿਭਾਗ ਵਿਖੇ ਮਿਤੀ 10.10.2022 ਨੂੰ ਲੇਖ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿੱਚ ਬੀ.ਏ. ਭਾਗ ਤੀਜਾ ਦੀ ਵਿਦਿਆਰਥਣਾਂ ਨੇ Mental Health ਦੇ ਵਿਸ਼ੇ ਤੇ ਨਿਬੰਧ ਲਿਖੇ।
- ਵਿਭਾਗ ਵੱਲੋਂ ਮਿਤੀ 12.12.2022 ਨੂੰ ਕਾਲਜ ਵਿਖੇ Mental Health and Stress Management ਵਿਸ਼ੇ ਤੇ ਪੋਸਟਰ ਮੇਕਿੰਗ Event ਕਰਵਾਇਆ ਗਿਆ। ਜਿਸ ਵਿੱਚ ਬੀ.ਏ.ਭਾਗ ਦੂਜਾ ਅਤੇ ਬੀ.ਏ.ਭਾਗ ਤੀਜਾ ਦੀ ਵਿਦਿਆਰਥਣਾਂ ਨੇ ਭਾਗ ਲਿਆ ਅਤੇ ਮਿਤੀ 13.12.2022 ਨੂੰ ਕਾਲਜ ਵਿਖੇ ਆਯੋਜਿਤ 'A visit to college campus by school students' ਦੇ ਅਵਸਰ ਤੇ ਬੀ.ਏ.ਭਾਗ ਦੂਜਾ ਅਤੇ ਬੀ.ਏ.ਭਾਗ ਤੀਜਾ ਦੀ ਵਿਦਿਆਰਥਣਾਂ ਵੱਲੋਂ ਬਣਾਏ ਪੋਸਟਰਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।
- ਮਿਤੀ 28.02.2023 ਨੂੰ ਵਿਭਾਗ ਵੱਲੋਂ ਇੱਕ ਦਿਨ ਦੀ ਵਰਕਸ਼ਾਪ ਲਗਾਈ ਗਈ ਜਿਸ ਦਾ ਮੁੱਖ ਵਿਸ਼ਾ 'Mental Wellbeing' ਰੱਖਿਆ ਗਿਆ। ਇਸ ਵਰਕਸ਼ਾਪ ਵਿੱਚ ਬੀ.ਏ.ਭਾਗ ਦੂਜਾ ਅਤੇ ਬੀ.ਏ.ਭਾਗ ਤੀਜਾ ਦੀ ਵਿਦਿਆਰਥਣਾਂ ਨੇ Assessment ਟੀਮਾਂ ਜਿਵੇਂ ਕਿ – Stress, Depression, Health, Loans of control ਅਤੇ Personality ਬਣਾ ਕੇ ਕਾਲਜ ਦੀ ਵਿਦਿਆਰਥਣਾਂ ਅਤੇ ਸਟਾਫ਼ ਦੀ ਮਨੋਵਿਗਿਆਨਿਕ Assessment ਅਤੇ counselling ਕੀਤੀ।
- ਵਿਭਾਗ ਵੱਲੋਂ ਅੰਤਰ ਰਾਸ਼ਟਰੀ ਮਹਿਲਾ ਦਿਵਸ ਦੇ ਅਵਸਰ ਤੇ ਮਿਤੀ 07.03.2023 ਨੂੰ ਪੋਸਟਰ ਮੇਕਿੰਗ ਗਤੀਵਿਧੀ ਕਰਵਾਈ ਗਈ, ਜਿਸ ਵਿੱਚ ਬੀ.ਏ.ਭਾਗ ਦੂਜਾ ਅਤੇ ਬੀ.ਏ.ਭਾਗ ਤੀਜਾ ਦੀ ਵਿਦਿਆਰਥਣਾਂ ਨੇ "Women Empowerment" ਵਿਸ਼ੇ ਤੇ ਪੋਸਟਰ ਬਣਾਏ।

## ਪੰਜਾਬੀ ਵਿਭਾਗ

- ਮਿਤੀ 01 ਨਵੰਬਰ, 2022 ਨੂੰ ਭਾਸ਼ਾ ਭਵਨ, ਪਟਿਆਲਾ ਵਿਖੇ ਆਯੋਜਿਤ ਪੰਜਾਬੀ ਮਾਹ – 2022 ਦੇ ਉਦਘਾਟਨੀ ਸਮਾਗਮ ਅਤੇ ਰਾਜ ਪੱਤਰੀ ਪੁੱਸਤਕ ਮੇਲੇ ਵਿੱਚ ਸਮੂਹ ਵਿਭਾਗ ਅਤੇ ਵਿਦਿਆਰਥਣਾਂ ਨੇ ਸ਼ਿਰਕਤ ਕੀਤੀ।
- ਮਿਤੀ 01 ਨਵੰਬਰ, 2022 ਨੂੰ ਹੀ ਮਾਂ–ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਸੰਚਾਰ ਲਈ ਸਹੁੰ ਚੁੱਕ ਸਮਾਗਮ ਆਯੋਜਿਤ ਕੀਤਾ ਗਿਆ।
- ਮਿਤੀ 03 ਨਵੰਬਰ, 2022 ਨੂੰ ਪੰਜਾਬੀ ਮਾਹ ਨੂੰ ਸਮਰਪਿਤ ਸਲੋਗਨ/ਲੇਖ/ਕਾਵਿ–ਉਚਾਰਨ ਮੁਕਾਬਲਾ ਕਰਵਾਇਆ ਗਿਆ।
- ਮਿਤੀ 07 ਨਵੰਬਰ, 2022 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਮੂਲ ਮੰਤਰ ਦੇ 108 ਜਾਪ ਕੀਤੇ ਗਏ।
- ਮਿਤੀ 26 ਨਵੰਬਰ, 2022 ਨੂੰ ਪ੍ਰੋ. ਕੰਵਲਜੀਤ ਕੌਰ (ਰਿਟਾ.) ਦਾ ਮਾਂ ਬੋਲੀ ਪੰਜਾਬੀ ਦੀ ਅਜੋਕੀ ਸਥਿਤੀ ਵਿਸ਼ੇ ਉਪੱਰ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।

- ਮਿਤੀ 21 ਫਰਵਰੀ, 2023 ਨੂੰ ਅੰਤਰਰਾਸ਼ਟਰੀ ਮਾਤਭਾਸ਼ਾ ਦਿਵਸ ਦੇ ਮੌਕੇ ਤੇ ਸੁੰਦਰ ਲਿਖਾਈ ਮੁਕਾਬਲਾ ਅਤੇ ਪੰਜਾਬੀ ਸਭਿਆਚਾਰ ਨੂੰ ਪ੍ਰਗਟਾਉਣ ਸਬੰਧੀ ਚਾਰਟ ਬਣਾਉਣ ਦਾ ਮੁਕਾਬਲਾ ਆਯੋਜਿਤ ਕੀਤਾ ਗਿਆ।

## ਹਿੰਦੀ ਵਿਭਾਗ

- 26 ਅਪ੍ਰੈਲ, 2022 ਨੂੰ ਹਿੰਦੀ ਸਾਹਿਤ ਸਭਾ ਦੁਆਰਾ ਹਾਸ ਰਸ ਕਵਿਤਾ ਉਚਾਰਣ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਬੀ.ਏ. ਭਾਗ ਤੀਜਾ ਦੀ ਆਦਿਤੀ ਕੁਮਾਰੀ ਨੇ ਪਹਿਲਾ, ਬੀ.ਏ. ਭਾਗ ਦੂਜਾ ਦੀ ਮੀਨੂ ਥਾਪਾ ਨੇ ਦੂਜਾ ਅਤੇ ਬੀ.ਏ. ਭਾਗ ਤੀਜਾ ਦੀ ਰੁਪਿਕਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।
- 04 ਮਈ, 2022 ਨੂੰ ਹਿੰਦੀ ਸਾਹਿਤ ਸਭਾ ਦੁਆਰਾ ਹਿੰਦੀ ਭਾਸ਼ਾ ਅਤੇ ਸਾਹਿਤ ਨਾਲ ਸਬੰਧਤ ਵਾਲ ਮੈਗਜ਼ੀਨ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਬੀ.ਏ. ਭਾਗ-3 ਦੀ ਸਬਿਤਾ ਕੁਮਾਰੀ ਨੇ ਪਹਿਲਾ, ਬੀ.ਏ. ਭਾਗ ਤੀਜਾ ਦੀ ਨਵਨੀਤ ਕੌਰ ਨੇ ਦੂਜਾ ਅਤੇ ਬੀ.ਏ. ਭਾਗ ਤੀਜਾ ਦੀ ਆਦਿਤੀ ਕੁਮਾਰੀ ਨੇ ਤੇ ਬੀ.ਏ ਭਾਗ ਦੂਜਾ ਦੀ ਮਨਦੀਪ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।
- 06 ਜੂਨ, 2022 ਨੂੰ ਹਿੰਦੀ ਵਿਭਾਗ ਦੁਆਰਾ ਇੱਕ ਐਕਸਟੇਂਸਨ ਲੈਕਚਰ ਕਰਵਾਇਆ ਗਿਆ। ਇਸ ਵਿੱਚ ਡਾ. ਰਜਿੰਦਰ ਸੇਨ,ਮੁੱਖੀ ਹਿੰਦੀ ਵਿਭਾਗ ਕੇਂਦਰੀ ਯੂਨੀਵਰਸਿਟੀ, ਬਠਿੰਡਾ (ਪੰਜਾਬ) ਨੇ ਮੁੱਖ ਵਕਤਾ ਵਜੋਂ ਵਿਚਾਰ ਪੇਸ਼ ਕੀਤੇ।
- 15 ਅਗਸਤ, 2022 ਨੂੰ 'ਹਰ ਘਰ ਤਿਰੰਗਾ' ਮੁਹਿੰਮ ਤੇ ਤਹਿਤ ਹਿੰਦੀ ਦੀ ਵਿਦਿਆਰਥਣਾਂ ਆਦਿਤੀ ਕੁਮਾਰੀ (ਬੀ.ਏ. ਭਾਗ ਤੀਜਾ),ਖੁਸ਼ਬੂ (ਬੀ.ਏ. ਭਾਗ ਦੂਜਾ), ਜਸਪ੍ਰੀਤ ਕੌਰ (ਬੀ.ਏ. ਭਾਗ ਦੂਜਾ)ਅਤੇ ਰੀਨਾ ਰਾਏ (ਬੀ.ਏ. ਭਾਗ ਪਹਿਲਾ) ਨੇ 'ਤਿਰੰਗਾ' ਤੇ ਆਨ ਲਾਈਨ ਕਵਿਤਾ ਪੇਸ਼ ਕੀਤੀ।
- 14 ਸਤੰਬਰ, 2022 ਨੂੰ ਹਿੰਦੀ ਵਿਭਾਗ ਦੁਆਰਾ ਕਾਲਜ ਵਿਖੇ ਹਿੰਦੀ ਦਿਵਸ ਮਨਾਉਂਦਿਆ ਹਿੰਦੀ ਦੀ ਵਿਦਿਆਰਥਣਾਂ ਨੇ ਹਿੰਦੀ ਦੇ ਮਹੱਤਵ ਅਤੇ ਵਿਕਾਸ ਬਾਰੇ ਵਿਚਾਰ ਪੇਸ਼ ਕੀਤੇ।
- 23 ਨਵੰਬਰ, 2022 ਨੂੰ ਹਿੰਦੀ ਸਾਹਿਤ ਸਭਾ ਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਅਤੇ ਬਾਣੀ ਵਿਸ਼ੇ ਤੇ ਪੇਪਰ ਰੀਡਿੰਗ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਕਾਜਲ (ਬੀ.ਏ.ਭਾਗ-2) ਨੇ ਪਹਿਲਾ, ਜਸਪ੍ਰੀਤ ਕੌਰ(ਬੀ.ਏ. ਭਾਗ ਤੀਜਾ),ਨੇ ਦੂਜਾ ਅਤੇ ਰਿਤੂ ਤੇ ਰੂਬੀ (ਬੀ.ਏ. ਭਾਗ -1) ਨੇ ਤੀਜਾ ਸਥਾਨ ਪ੍ਰਾਪਤ ਕੀਤਾ।
- 26 ਨਵੰਬਰ, 2022 ਨੂੰ ਸਵਿਧਾਨ ਦਿਵਸ ਤੇ ਮੌਕੇ ਤੇ ਹਿੰਦੀ ਦੀ ਵਿਦਿਆਰਥਣਾਂ ਨੇ ਹਿੰਦੀ ਭਾਸ਼ਾ ਵਿੱਚ ਆਨ-ਲਾਈਨ ਸਵਿੰਧਾਨ ਦੀ ਪ੍ਰਸਤਾਵਨਾ ਪੜ੍ਹੀ ਅਤੇ ਸਰਟੀਫਿਕੇਟ ਪ੍ਰਾਪਤ ਕੀਤੇ।
- 21 ਫਰਵਰੀ, 2023 ਨੂੰ ਹਿੰਦੀ ਵਿਭਾਗ ਦੁਆਰਾ ਕਵੀ ਸੂਰੀਆਕਾਂਤ ਤ੍ਰਿਪਾਠੀ ਨਿਰਾਲਾ ਦੇ ਜਨਮ ਦਿਹਾੜੇ ਤੇ ਇੱਕ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਹਿੰਦੀ ਦੀ ਵਿਦਿਆਰਥਣਾਂ ਨੇ ਕਾਵਿ ਨਿਗਲਾ ਦੇ ਜੀਵਨ ਅਤੇ ਸਾਹਿਤ ਸਬੰਧੀ ਵਿਚਾਰ ਪੇਸ਼ ਕੀਤੇ।
- 28 ਮਾਰਚ, 2023 ਨੂੰ ਹਿੰਦੀ ਵਿਭਾਗ ਦੁਆਰਾ ਸੂਕਤੀ ਲੇਖਨ ਪ੍ਰਤੀਯੋਗਿਤਾ ਕਰਵਾਈ ਗਈ। ਵਿਦਿਆਰਥਣਾਂ ਨੇ ਹਿੰਦੀ ਦੇ ਕਵੀਆਂ ਅਤੇ ਲੇਖਕਾਂ ਦੇ ਪ੍ਰਸਿੱਧ ਕਥਨਾਂ ਨੂੰ ਪੋਸਟਰ ਬਣਾ ਕੇ ਦਰਸਾਇਆ। ਇਸ ਵਿੱਚ ਬੀ.ਏ.ਭਾਗ ਤੀਜਾ ਦੀ ਵਿਦਿਆਰਥਣ ਮਨਦੀਪ ਕੌਰ ਨੇ ਪਹਿਲਾ, ਬੀ.ਏ.ਭਾਗ ਤੀਜਾ ਦੀ ਵਿਦਿਆਰਥਣ ਜਸਪ੍ਰੀਤ ਕੌਰ ਅਤੇ ਸਰਬਜੀਤ ਕੌਰ ਨੇ ਦੂਜਾ, ਬੀ.ਏ. ਭਾਗ ਤੀਜਾ ਦੀ ਮਨਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

## ਅਰਥਸ਼ਾਸ਼ਤਰ ਵਿਭਾਗ

- ਮਿਤੀ 26.04.2022 ਨੂੰ 'Indian Taxation System' ਵਿਸ਼ੇ ਤੇ ਲਿਖ਼ਤੀ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਬੀ.ਏ. ਭਾਗ ਪਹਿਲਾ ਦੀਆਂ 28 ਵਿਦਿਆਰਥਣਾਂ ਨੇ ਭਾਗ ਲਿਆ।

- ਮਿਤੀ 04.05.2022 ਨੂੰ ਅਰਥਸ਼ਾਸ਼ਤਰ ਵਿਭਾਗ ਵੱਲੋਂ 'International Financial Institutions' ਵਿਸ਼ੇ ਤੇ ਪੇਪਰ ਰੀਡਿੰਗ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਬੀ.ਏ.ਭਾਗ ਦੂਜਾ ਦੀਆਂ 13 ਵਿਦਿਆਰਥਣਾਂ ਨੇ ਭਾਗ ਲਿਆ।
- ਮਿਤੀ 17.05.2022 ਨੂੰ ਅਰਥਸ਼ਾਸਤਰ ਵਿਭਾਗ ਵੱਲੋਂ 'Major Problems of Indian Economy' ਵਿਸ਼ੇ ਤੇ ਪੇਪਰ ਰੀਡਿੰਗ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਬੀ.ਏ. ਭਾਗ ਪਹਿਲਾ ਦੀਆਂ 11 ਵਿਦਿਆਰਥਣਾਂ ਨੇ ਭਾਗ ਲਿਆ।
- ਮਿਤੀ 02.08.2022 ਤੋਂ 15.08.2022 ਤੱਕ **'ਹਰ ਘਰ ਤਿਰੰਗਾ'** ਮੁਹਿੰਮ ਅਧੀਨ ਅਰਥਸ਼ਾਸ਼ਤਰ ਵਿਭਾਗ ਦੀਆਂ 50 ਵਿਦਿਆਰਥਣਾਂ ਨੇ ਘਰ-ਘਰ ਜਾ ਕੇ 'ਹਰ ਘਰ ਤਿਰੰਗਾ' ਅਜ਼ਾਦੀ ਦਾ ਅੰਮ੍ਰਿਤ ਮਹੋਤਸਵ ਮੁਹਿੰਮ ਦਾ ਪ੍ਰਚਾਰ ਕੀਤਾ।
- 'Pin a flag' ਮੁਹਿੰਮ ਵਿੱਚ ਭਾਗ ਲੈ ਕੇ ਬਹੁਤ ਸਾਰੀਆਂ ਵਿਦਿਆਰਥਣਾਂ ਨੇ ਸਰਟੀਫਿਕੇਟ ਪ੍ਰਾਪਤ ਕੀਤੇ। ਵਿਦਿਆਰਥਣਾਂ ਨੇ ਆਪ ਤਿਰੰਗੇ ਬਣਾ ਕੇ ਘਰਾਂ ਵਿੱਚ ਵੰਡੇ। 'ਹਰ ਘਰ ਤਿਰੰਗਾ' ਥੀਮ ਤੇ ਪੋਸਟਰ ਬਣਾਏ। 'ਹਰ ਘਰ ਤਿਰੰਗਾ' ਮੁਹਿੰਮ ਦਾ ਪ੍ਰਚਾਰ ਕਰਨ ਲਈ ਜਾਗਰੂਕਤਾ ਰੈਲੀ ਕੱਢੀ ਗਈ। ਤਿਰੰਗੇ ਨਾਲ ਸੈਲਫ਼ੀ ਖਿੱਚ ਕੇ 'ਸੈਲਫ਼ੀ ਵਿਦ ਤਿਰੰਗਾ' ਮੁਹਿੰਮ ਵਿੱਚ ਭਾਗ ਲਿਆ।
- ਸਤੰਬਰ 2022 ਵਿੱਚ ਅਰਥਸ਼ਾਸ਼ਤਰ ਵਿਭਾਗ ਵੱਲੋਂ 'ਇਕਨਾਮਿਕਸ ਸੁਸਾਇਟੀ' ਦਾ ਗਠਨ ਕੀਤਾ ਗਿਆ।
- ਅਕਤੂਬਰ 2022 ਵਿੱਚ ਇਕਨਾਮਿਕਸ ਸੁਸਾਇਟੀ ਅਰਥਸ਼ਾਸ਼ਤਰ ਵਿਭਾਗ ਦੁਆਰਾ 'Educational and Employment Status of Various areas of Malwa Region of Punjab' ਵਿਸ਼ੇ ਤੇ ਆਰਥਿਕ ਸਰਵੇ ਕਰਵਾਇਆ ਗਿਆ। ਇਸ ਵਿੱਚ ਬੀ.ਏ.ਭਾਗ ਤੀਜੇ ਦੀਆਂ 48 ਵਿਦਿਆਰਥਣਾਂ ਨੇ ਭਾਗ ਲਿਆ।
- ਮਿਤੀ 10.11.2022 ਨੂੰ 'ਇਕਨਾਮਿਕਸ ਸੁਸਾਇਟੀ' ਦੁਆਰਾ 'Various Aspects of Public Finance' ਵਿਸ਼ੇ ਤੇ ਪੇਪਰ ਰੀਡਿੰਗ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਬੀ.ਏ.ਭਾਗ ਦੂਜਾ ਦੀਆਂ 09 ਵਿਦਿਆਰਥਣਾਂ ਨੇ ਭਾਗ ਲਿਆ।
- ਮਿਤੀ 23.11.2022 ਨੂੰ 'ਇਕਨਾਮਿਕਸ ਸੁਸਾਇਟੀ' ਦੁਆਰਾ 'Chart Making Activity' ਕਰਵਾਈ ਗਈ। ਜਿਸ ਵਿੱਚ ਬੀਏ ਭਾਗ ਦੂਜਾ ਅਤੇ ਬੀ.ਏ.ਭਾਗ ਤੀਜਾ ਦੀਆਂ 11 ਵਿਦਿਆਰਥਣਾਂ ਨੇ ਇਕਨਾਮਿਕਸ ਵਿਸ਼ੇ ਤੇ ਵੱਖ-ਵੱਖ ਚਾਰਟ ਬਣਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।
- 26.11.2022 ਨੂੰ ਸੰਵਿਧਾਨ ਦਿਵਸ ਦੇ ਮੌਕੇ ਤੇ 'ਅਰਥਸ਼ਾਸ਼ਤਰ ਵਿਭਾਗ' ਦੀਆਂ ਵਿਦਿਆਰਥਣਾਂ ਨੇ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹੀ ਅਤੇ ਆਨਲਾਈਨ ਸਰਟੀਫਿਕੇਟ ਵੀ ਪ੍ਰਾਪਤ ਕੀਤੇ।
- ਮਿਤੀ 28 ਫਰਵਰੀ 2023 ਨੂੰ ਅਰਥਸ਼ਾਸ਼ਤਰ ਵਿਭਾਗ ਦੀਆਂ ਲੱਗਭੱਗ 45 ਵਿਦਿਆਰਥਣਾਂ ਨੇ ਐਨ.ਐਸ.ਐਸ. ਵਿਭਾਗ ਦੇ ਸਹਿਯੋਗ ਨਾਲ ਪਿੰਡ ਖੇੜੀ ਗੁਜਰਾਂ, ਜਿਲ੍ਹਾ ਪਟਿਆਲਾ ਵਿਖੇ ਆਨ ਲਾਈਨ ਬੈਕਿੰਗ ਵਿਸ਼ੇ ਤੇ ਲੈਕਚਰ ਵਿੱਚ ਭਾਗ ਲਿਆ।
- ਮਿਤੀ 23 ਮਾਰਚ, 2023 ਨੂੰ ਗਲੋਬਲ ਮਨੀ ਵੀਕ ਦੇ ਅੰਤਰਗਤ ਅਰਥਸ਼ਾਸ਼ਤਰ ਵਿਭਾਗ ਦੀਆਂ ਲੱਗਭੱਗ 100 ਵਿਦਿਆਰਥਣਾਂ ਨੇ ਕ੍ਰਿਸ਼ਾ ਫਾਊਡੇਂਸ਼ਨ, ਮੁਬੰਈ ਦੁਆਰਾ ਆਯੋਜਿਤ ਇਨਵੈਸਟਰ ਅਵੇਅਰਨੈਂਸ ਪ੍ਰੋਗਰਾਮ ਦੇ ਆਨਲਾਈਨ ਸੈਸ਼ਨ ਵਿੱਚ ਭਾਗ ਲਿਆ।

## ਸੰਸਕ੍ਰਿਤ ਵਿਭਾਗ

- ਮਿਤੀ 3/09/2022 ਕਾਲਜ਼ ਦੇ ਸੰਸਕ੍ਰਤਿ ਵਿਭਾਗ ਵੱਲੋਂ ਸੈਂਟਰਲ ਸੰਸਕ੍ਰਿਤ ਯੂਨੀਵਰਸਿਟੀ, ਦਿੱਲੀ ਦੇ ਨਾਨ ਫਾਰਮਲ ਸੰਸਕ੍ਰਤਿ ਐਜੂਕੇਸ਼ਨ ਸੈਂਟਰ (NFSEC) ਪਟਿਆਲਾ ਦਾ ਉਦਘਾਟਨ ਕੀਤਾ ਗਿਆ । ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪ੍ਰੋ. ਯੋਗਰਾਜ ਸ਼ਰਮਾ, ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਨੇ ਸ਼ਿਰਕਤ ਕੀਤੀ।

- ਕਾਲਜ਼ ਦੇ ਸੰਸਕ੍ਰਿਤ ਵਿਭਾਗ ਨੇ 06.12.2022 ਨੂੰ ਇਨਸਕੌਨ ਸੁਸਾਇਟੀ ਪਟਿਆਲਾ ਦੇ ਸਹਿਯੋਗ ਨਾਲ ਸ਼੍ਰੀਮਦਭਗਵਦ ਗੀਤਾ ਅਤੇ ਜੀਵਨ ਸਿੱਖਿਆ ਵਿਸ਼ੇ ਤੇ ਇੱਕ ਲੈਕਚਰ ਅਤੇ ਫਰ੍ਰੀ ਪੁਸਤਕ ਵੰਡ ਪ੍ਰੋਗਰਾਮ ਦਾ ਆਯੋਜਨ ਕੀਤਾ।

## ਫਿਜਿਕਸ ਵਿਭਾਗ

- 22 ਅਪ੍ਰੈਲ, 2022 ਨੂੰ ਬੀ.ਐਸ.ਸੀ ਨਾਨ ਮੈਡੀਕਲ ਅਤੇ ਕੰਪਿ. ਸਾਇੰਸ ਦੇ ਸਾਰੇ ਵਿਦਿਆਰਥੀਆਂ ਵਲੋਂ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ।
- ਬੀ.ਐਸ. ਸੀ ਨਾਨ ਮੈਡੀਕਲ ਭਾਗ ਦੂਜਾ ਦੇ ਵਿਦਿਆਰਥੀ 28 ਮਈ 2022 ਨੂੰ ਕਸੌਲੀ ਵਿਖੇ ਟੂਰ ਤੇ ਗਏ।
- ਬੀ.ਐਸ.ਸੀ ਨਾਨ ਮੈਡੀਕਲ ਭਾਗ ਪਹਿਲਾ ਦੇ ਵਿਦਿਆਰਥੀਆਂ ਨੇ 7 ਜੂਨ, 2022 ਨੂੰ ਥਾਪਰ ਯੂਨੀਵਰਸਿਟੀ ਵਿੱਚ ਸਾਇੰਸ ਟੈਸਟ ਵਿੱਚ ਭਾਗ ਲਿਆ। ਬੀ.ਐਸ.ਨਾਨ ਮੈਡੀਕਲ ਭਾਗ ਪਹਿਲਾ ਦੀ ਰਾਜਵੰਤ ਕੌਰ ਨੇ ਫਿਜਿਕਲ ਕੁਇਜ਼ ਵਿੱਚ ਦੂਜਾ ਸਥਾਨ ਹਾਸਲ ਕੀਤਾ।
- ਬੀ.ਐਸ.ਸੀ. ਨਾਨ ਮੈਡੀਕਲ ਦੇ ਵਿਖਦਿਆਰਥੀਆਂ ਲਈ ਮਿਤੀ 05.12.2022 ਨੂੰ ਐਮ.ਐਮ. ਮੋਦੀ ਕਾਲਜ ਦੇ ਡਾ. ਕਵਿਤਾ (ਐਚ.ਓ.ਡੀ. ਵਿਜ਼ਿਕਸ ਵਿਭਾਗ) ਵੱਲੋਂ Photoelectric effect ਤੇ ਐਜੂਕੇਸ਼ਨ ਲੈਕਚਰ ਕਰਵਾਇਆ ਗਿਆ।
- 8 ਦਸੰਬਰ, 2022 ਨੂੰ ਮੌਕੇ ਤੇ ਚਾਰਟ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ।
- ਬੀ.ਐਸ.ਨਾਨ ਮੈਡੀਕਲ ਭਾਗ ਪਹਿਲਾਦੇ ਵਿਦਿਆਰਥੀਆਂ ਦੁਆਰਾ ਭੌਤਿਕ ਵਿਗਿਆਨ ਦੇ ਵਿਸ਼ਿਆਂ ਤੇ ਮਿਤੀ 09.12.2022 ਤੋਂ 12.01.2022 ਤੱਕ ਮਾਡਲ ਬਣਾਏ ਗਏ।

## ਬਨਸਪਤੀ ਵਿਭਾਗ

- ਮਿਤੀ 22.04.2022 ਨੂੰ 'ਵਰਲਡ ਅਰਥ ਡੇ' ਮਨਾਇਆ ਗਿਆ।
- ਮਿਤੀ 04.06.2022 ਨੂੰ ਰੋਜ਼ ਗਾਰਡਨ ਚੰਡੀਗੜ੍ਹ ਵਿਖੇ ਇੱਕ ਰੋਜ਼ਾ 'ਐਜੂਕੇਸ਼ਨਲ ਟਰਿੱਪ' ਦਾ ਆਯੋਜਨ ਕੀਤਾ ਗਿਆ।
- ਮਿਤੀ 14.09.2022 ਨੂੰ ਡਿਪਾਰਟਮੈਂਟ ਨੇ ਰੈੱਡ ਰਿਬਨ ਕਲੱਬ ਦੀ ਤਰਫ਼ ਤੋਂ 'ਕਵਿਜ਼ ਪ੍ਰਤੀਯੋਗਿਤਾ' ਦਾ ਆਯੋਜਨ ਕੀਤਾ।
- ਮਿਤੀ 03.12.2022 ਨੂੰ 'ਵਰਲਡ ਪੋਲੂਅਸ਼ਨ ਪਰੀਵੇਨਸ਼ਨ ਡੇ' (ਵਿਸ਼ਵ ਪ੍ਰਦੂਸ਼ਣ ਰੋਕਥਾਮ ਦਿਵਸ) ਮਨਾਇਆ ਗਿਆ।
- ਮਿਤੀ 05.12.2022 ਨੂੰ 'ਵਰਲਡ ਸੋਇਲ ਡੇ' (ਵਿਸ਼ਵ ਧਰਤੀ ਦਿਵਸ) ਦੇ ਮੌਕੇ ਤੇ ਪੌਦੇ ਲਗਾਏ ਗਏ।
- ਮਿਤੀ 07.12.2022 ਨੂੰ ਡਾ. ਕੁਲਦੀਪ ਕੁਮਾਰ (ਅਸਿਸਟੈਂਟ ਪ੍ਰੋਫੈਸਰ) ਐਮ.ਐਮ.ਮੋਦੀ ਕਾਲਜ, ਪਟਿਆਲਾ ਦੁਆਰਾ ਬਾਇਓਸੇਂਸਰਜ਼ ਉੱਪਰ ਇੱਕ ਗੈਸਟ ਲੈਕਚਰ ਦਿੱਤਾ ਗਿਆ।
- ਮਿਤੀ 09.12.2022 ਨੂੰ 'ਪੋਸਟਰ ਮੇਕਿੰਗ' ਮੁਕਾਬਲਾ ਕਰਵਾਇਆ ਗਿਆ।
- ਮਿਤੀ 13.12.2022 ਨੂੰ ਵਿਭਾਗ ਦੇ ਸਪੇਸੀਮਨ, ਮਾਡਲ ਅਤੇ ਐਕਸਪੈਰੀਮੈਂਟ ਦੀ ਸਕੂਲ ਦੇ ਵਿਦਿਆਰਥੀਆਂ ਦੀ ਕਾਲਜ ਵਿਜ਼ਿਟ ਮੌਕੇ ਪ੍ਰਦਰਸ਼ਨੀ ਲਗਾਈ ਗਈ ਅਤੇ ਸਮਝਾਇਆ ਗਿਆ।
- ਮਿਤੀ 10.02.2023 ਨੂੰ 'ਵਰਲਡ ਪਲਸਜ਼ ਡੇ' (ਵਿਸ਼ਵ ਦਾਲਾ ਦਿਵਸ) ਮਨਾਇਆ ਗਿਆ।

## ਅੰਗ੍ਰੇਜ਼ੀ ਵਿਭਾਗ

ਅੰਗ੍ਰੇਜ਼ੀ ਵਿਭਾਗ ਵੱਲੋਂ ਮਿਤੀ 10.11.2022 ਨੂੰ ਕਵਿਤਾ ਉਚਾਰਣ (Poetry Recitation) ਅਤੇ ਮਿਤੀ 02.11.2022 ਨੂੰ ਪੇਪਰ ਰੀਡਿੰਗ ਕੌਨਟੈਸਟ ਆਯੋਜਿਤ ਕਰਵਾਇਆ ਗਿਆ।

## ਜੁਆਲੌਜੀ ਵਿਭਾਗ

- ਮਿਤੀ 22.04.2022 ਨੂੰ 'ਵਰਲਡ ਅਰਥ ਡੇ' ਮਨਾਇਆ ਗਿਆ।
- ਮਿਤੀ 04.06.2022 ਅਤੇ 11.03.2023 ਨੂੰ ਬੀ.ਐਸ.ਸੀ. ਮੈਡੀਕਲ ਦੇ 13 ਵਿਦਿਆਰਥੀਆਂ ਨੂੰ ਐਵੋਲੂਸ਼ਨ ਸਬੰਧੀ ਜਾਣਕਾਰੀ ਦੇਣ ਲਈ ਨੈਚੂਰਲ ਹਿਸਟਰੀ ਮਿਊਜ਼ੀਅਮ ਚੰਡੀਗੜ੍ਹ ਵਿਖੇ ਲਿਜਾਇਆ ਗਿਆ, ਨਾਲ ਹੀ ਰੋਜ਼ ਗਾਰਡਨ, ਰਾਕ ਗਾਰਡਨ, ਸੁਖਨਾਲੇਕ ਅਤੇ ਨਵੀਂ ਬਣੀ ਬਰਡ ਸੈਂਚੂਰੀ ਵਿੱਚ ਵੀ ਗਏ।
- 05.09.2022 ਨੂੰ ਅਧਿਆਪਕ ਦਿਵਸ ਮਨਾਇਆ ਗਿਆ।
- 14.09.2022 ਨੂੰ ਰੈੱਡ ਰਿਬਨ ਕਲੱਬ ਵੱਲੋਂ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਦਾ ਕੁਇਜ਼ ਮੁਕਾਬਲਾ ਕਰਵਾਇਆ ਗਿਆ।
- ਮਿਤੀ 07.12.2022 ਨੂੰ ਬਾਇਓਟੈਕ ਵਿਭਾਗ ਨਾਲ ਮਿਲ ਕੇ ਡਾ. ਕੁਲਦੀਪ ਕੁਮਾਰ ਅਸਿਸਟੈਂਟ ਪ੍ਰੋਫੈਸਰ ਮੋਦੀ ਕਾਲਜ, ਪਟਿਆਲਾ ਦਾ ਬਾਇਓਸੈਂਸਰਜ਼ ਤੇ ਲੈਕਚਰ ਕਰਵਾਇਆ ਗਿਆ।
- ਮਿਤੀ 13 ਦਸੰਬਰ, 2022 ਨੂੰ ਬਾਹਰਲੇ ਸਕੂਲਾਂ ਤੋਂ ਕਾਲਜ ਦੇਖਣ ਆਏ ਵਿਦਿਆਰਥੀਆਂ ਲਈ ਮਾਡਲ,ਚਾਰਟ ਅਤੇ ਸਪੈਸੀਮੈਨ ਦੀ ਪ੍ਰਦਰਸ਼ਨੀ ਲਗਾਈ ਗਈ।
- ਮਿਤੀ 16 ਫਰਵਰੀ, 2023 ਨੂੰ ਵਿਭਾਗ ਵੱਲੋਂ ਹਿਮੇਟੋਲੋਜੀਕਲ ਟੈਸਟ ਗਤੀਵਿਧੀ ਕਰਵਾਈ ਗਈ।
- ਮਿਤੀ 21 ਫਰਵਰੀ, 2023 ਨੂੰ ਜੀਵ ਵਿਗਿਆਨ ਅਧਾਰਿਤ ਪੋਸਟਰ ਬਣਾਉਣ ਅਤੇ 28 ਫਰਵਰੀ,2023 ਨੂੰ **'ਨੈਸ਼ਨਲ ਸਾਇੰਸ ਡੇ'** ਦੇ ਮੌਕੇ ਤੇ ਕੁਇਜ਼ ਮੁਕਾਬਲਾ ਕਰਵਾਇਆ ਗਿਆ ਅਤੇ ਇਨਾਮ ਵੀ ਵੰਡੇ ਗਏ।

## ਇਤਿਹਾਸ ਵਿਭਾਗ

- ਮਿਤੀ 01.05.2022 ਨੂੰ ਬੁੱਧ ਪੂਰਨਿਮਾ ਦੇ ਮੌਕੇ ਤੇ ਇਤਿਹਾਸ ਵਿਭਾਗ ਵੱਲੋਂ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥਣਾਂ ਨੂੰ ਮਹਾਤਮਾ ਬੁੱਧ ਦੇ ਜੀਵਨ ਅਤੇ ਸਿਖਿਆਵਾਂ ਤੋਂ ਜਾਣੂੰ ਕਰਵਾਇਆ ਗਿਆ।
- ਮਿਤੀ 28.09.2022 ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 115ਵਾਂ ਜਨਮ ਦਿਵਸ ਦ ਮੌਕੇ ਤੇ ਇਤਿਹਾਸ ਵਿਭਾਗ ਵੱਲੋਂ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਜੀਵਨ ਅਤੇ ਕੁਰਬਾਨੀਆਂ ਤੋਂ ਜਾਣੂੰ ਕਰਵਾਇਆ ਗਿਆ।
- ਮਿਤੀ 01.10.2023 ਨੂੰ ਮਹਾਤਮਾ ਗਾਂਧੀ ਦੇ 153ਵੇਂ ਜਯੰਤੀ ਦੇ ਮੌਕੇ ਤੇ ਭਾਸ਼ਣ ਪ੍ਰਤੀਯੋਗਿਤਾ ਕਰਵਾਈ ਅਤੇ ਚਾਰਟ ਬਣਾਏ ਗਏ।ਵਿਦਿਆਰਥਣਾਂ ਨੇ ਭਾਰਤ ਨੂੰ ਕਲੀਨ ਇੰਡੀਆ ਅਤੇ ਗਰੀਨ ਇੰਡੀਆ ਬਣਾਉਣ ਦੀ ਸਹੁੰ ਚੁੱਕੀ।ਡਾਂਡੀ ਮਾਰਚ ਦੀ ਯਾਤਰਾ ਨਾਲ ਸਬੰਧਤ ਮਾਡਲ ਵੀ ਤਿਆਰ ਕੀਤਾ।
- ਮਿਤੀ 1.11.2022 (ਮਿਤੀ 01.11.1966) ਪੰਜਾਬ ਦਿਵਸ ਦੇ ਮੌਕੇ ਵਿਦਿਆਰਥੀਆਂ ਨੂੰ ਰੰਗਲੇ ਪੰਜਾਬ ਬਾਰੇ ਦੱਸਿਆ ਗਿਆ।
- ਮਿਤੀ 08.11.2022 ਨੂੰ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਭਾਸ਼ਣ ਪ੍ਰਤੀਯੋਗਿਤਾ, ਚਾਰਟ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਜਾਣੂੰ ਕਰਵਾਇਆ ਗਿਆ।
- ਮਿਤੀ 14.11.2022 ਨੂੰ ਜਵਾਹਰ ਲਾਲ ਨਹਿਰੂ ਜਯੰਤੀ ਦੇ ਮੌਕੇ ਤੇ ਇਤਿਹਾਸ ਵਿਭਾਗ ਵੱਲੋਂ ਗੁਲਾਬ ਦੇ ਬੂਟੇ ਲਗਾਏ ਗਏ।
- ਮਿਤੀ 15.11.2022 ਨੂੰ ਜੰਗ-ਏ-ਅਜ਼ਾਦੀ ਦਾ ਨੋਜਵਾਨ ਭਾਰਤੀ ਜਰਨੈਲ ਸ਼ਾਹੀਦ ਕਰਤਾਰ ਸਿੰਘ ਸਰਾਭਾ ਦਾ ਅਜ਼ਾਦੀ ਵਿੱਚ ਯੋਗਦਾਨ ਬਾਰੇ ਇਤਿਹਾਸ ਵਿਭਾਗ ਦੇ ਪ੍ਰੋ. ਸਾਹਿਬਾਨਾਂ ਨੇ ਆਪਣੇ ਵਿਚਾਰ ਦਿੱਤੇ।
- ਮਿਤੀ 15.11.2022 ਨੂੰ ਮਹਾਨ ਸੁਤੰਤਰਤਾ ਸੈਨਾਨੀ ਅਤੇ ਜਨਜਾਤੀ ਨੇਤਾ, ਜਨਨਾਇਕ ਭਗਵਾਨ ਬਿਰਸਾ ਮੁੰਡਾ ਦੀ ਜਯੰਤੀ ਦੇ ਮੌਕੇ ਤੇ ਜਨਜਾਤੀ ਗੌਰਵ ਦਿਵਸ ਮਨਾਉਂਦਿਆ ਡਾ. ਅਨਿਲਾ ਸੁਲਤਾਨਾ ਨੇ ਉਨ੍ਹਾਂ ਦੇ ਜੀਵਨ ਅਤੇ ਕ੍ਰਾਂਤੀਕਾਰੀ ਵਿਚਾਰ ਧਾਰਾ ਬਾਰੇ ਜਾਣਕਾਰੀ ਦਿੱਤੀ।

- ਮਿਤੀ 26.11.2022 ਨੂੰ ਭਾਰਤੀ ਸੰਵਿਧਾਨ ਦਿਵਸ ਦੇ ਮੌਕੇ ਪ੍ਰੋ. ਸੰਦੀਪ ਸਿੰਘ ਨੇ ਵਿਦਿਆਰਥਣਾਂ ਨੂੰ ਭਾਰਤੀ ਸੰਵਿਧਾਨ ਤੋਂ ਜਾਣੂੰ ਕਰਵਾਇਆ।
- ਮਿਤੀ 28.11.2022 ਨੂੰ ਸ਼ਹੀਦ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਤੇ ਇਤਿਹਾਸ ਵਿਭਾਗ ਦੀਆਂ ਵਿਦਿਆਰਥਣਾਂ ਨੂੰ ਗੁਰੂਦੁਆਰਾ ਮੋਤੀ ਬਾਗ ਪਟਿਆਲਾ ਵਿਖੇ ਲੈ ਜਾ ਕੇ ਨਾਮ ਸਿਮਰਨ ਕੀਤਾ।ਪ੍ਰੋ. ਸਕਿੰਦਰ ਕੌਰ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਸ਼ਹੀਦੀ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ।
- ਮਿਤੀ 17.01.2023 (ਮਲੇਰਕੋਟਲਾ ਕੂਕਾ ਸਾਕਾ)- ਆਨ ਲਾਈਨ ਵੈਬੀਨਾਰ ਕਰਵਾਇਆ, ਪ੍ਰੋ. ਸੰਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਕੂਕਾ ਅੰਦੋਲਨ ਬਾਰੇ ਜਾਣੂੰ ਕਰਵਾਇਆ।
- ਮਿਤੀ 13.02.2023 ਨੂੰ ਪੀ.ਪੀ.ਟੀ ਦੁਆਰਾ ਸੁਆਮੀ ਵਿਵੇਕਾਨੰਦ ਜੀ ਦੇ ਜੀਵਨ ਅਤੇ ਉਨ੍ਹਾਂ ਦੇ ਰਾਜਨੀਤਿਕ, ਸਮਾਜਿਕ, ਧਾਰਮਿਕ ਖੇਤਰ ਵਿੱਚ ਯੋਗਦਾਨ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।
- ਮਿਤੀ 21.02.2023 ਨੂੰ ਇਤਿਹਾਸ ਵਿਭਾਗ ਵੱਲੋਂ ਇੱਕ ਰੋਜ਼ਾ ਇਤਿਹਾਸਕ ਟੂਰ ਚੱਪੜਚਿੜੀ, ਸੰਘੋਲ ਅਤੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਲਿਜਾਇਆ ਗਿਆ।

## ਨਿੱਜੀ ਪ੍ਰਾਪਤੀਆਂ

### ਪ੍ਰੋ. ਗੁਰਵੀਨ ਕੌਰ

- ਪ੍ਰੋ. ਗੁਰਵੀਨ ਕੌਰ , ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬੋਰਡ ਆਫ ਸਟੱਡੀਜ਼ ਅਤੇ ਫੈਕਲਟੀ ਆਫ ਆਰਟਸ ਦੇ ਮੈਂਬਰ ਹਨ।
- ਪੂਨਾ ਵਿਖੇ ਜਲਰੰਗ (ਵਾਟਰ ਕਲਰ) ਚਿੱਤਰਕਲਾ, "ਗੁਰੂਦਕਸ਼ਿਨਾ" ਪ੍ਰਦਰਸ਼ਨੀ ਵਿੱਚ ਚਿੱਤਰ ਪ੍ਰਦਰਸ਼ਿਤ ਕੀਤੇ।
- ਚੰਡੀਗੜ੍ਹ ਵਿਖੇ "ਵੀ ਗਰੁੱਪ" ਵੱਲੋਂ ਆਯੋਜਿਤ ਸਾਲਾਨਾ ਚਿੱਤਰਕਲਾ ਪ੍ਰਦਰਸ਼ਨੀ ਵਿੱਚ ਭਾਗ ਲਿਆ।

### ਪ੍ਰੋ. ਹਰਤੇਜ਼ ਕੌਰ ਟਿਵਾਣਾ

- ਪ੍ਰੋ. ਹਰਤੇਜ਼ ਕੌਰ ਟਿਵਾਣਾ ਬੋਰਡ ਆਫ ਅੰਡਰ ਗ੍ਰੈਜੂਏਟ ਸਟੱਡੀਜ਼ ਇਨ ਇੰਗਲਿਸ਼ ਦੇ ਮੈਂਬਰ ਹਨ।
- ਇਹ ਬੋਰਡ ਆਫ ਫੈਕਲਟੀ ਆਫ ਲੈਂਗੁਏਜਿਜ਼ ਦੇ ਮੈਂਬਰ ਹਨ।

### ਪ੍ਰੋ. ਗੁਰਿੰਦਰ ਕੌਰ

- ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਵੱਲੋਂ ਕਰਵਾਏ ਗਏ " ਇੰਪਲੀਮੈਂਟੇਸ਼ਨ ਆਫ ਐਨ ਈ ਪੀ -2020 ਫਾਰ ਯੂਨੀਵਰਸਿਟੀ ਐਂਡ ਕਾਲਜ ਟੀਚਰਜ਼ " ਪ੍ਰੋਗਰਾਮ ਵਿੱਚ ਭਾਗ ਲਿਆ ਅਤੇ ਗਰੇਡ ਪ੍ਰਾਪਤ ਕੀਤਾ ।
- ਮਿਤੀ 24.01.2023 ਤੋਂ 08.02.2023 ਨੂੰ ਉਚੇਰੀ ਸਿੱਖਿਆ ਵਿਭਾਗ ਪੰਜਾਬ ਵੱਲੋਂ ਆਯੋਜਿਤ 16 ਡੇ ਟਰੇਨਿੰਗ ਪ੍ਰੋਗਰਾਮ ਫਾਰ ਪ੍ਰੋਫੈਸਰਜ਼ (ਫਿਜ਼ੀਕਲ ਐਜੂਕੇਸ਼ਨ) ਆਫ ਗੌਰਮਿੰਟ ਕਾਲਜ਼ਿਜ਼ ਪੰਜਾਬ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਮਿਤੀ 24 ਜਨਵਰੀ ਤੋਂ 08 ਫਰਵਰੀ 2022 ਤੱਕ ਭਾਗ ਲਿਆ।
- ਮੈਂਬਰ ਆਫ ਫੈਕਲਟੀ ਆਫ ਐਜੂਕੇਸ਼ਨ ਐਂਡ ਇੰਨਫਰਮੇਸ਼ਨ ਸਾਂਇੰਸ।

### ਡਾ. ਪ੍ਰੀਤਇੰਦਰ ਕੌਰ

- ਡਾ. ਪ੍ਰੀਤਇੰਦਰ ਅਧੀਨ ਰਜਿਸਟਰਡ ਇੱਕ ਵਿਦਿਆਰਥਣ ਦੀ ਪੀ.ਐਚ.ਡੀ. ਦਾ ਵਾਇਵਾ ਮਿਤੀ 04.08.2022 ਨੂੰ ਹੋਇਆ ਅਤੇ ਡਿਗਰੀ ਪ੍ਰਾਪਤ ਹੋਈ।
- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੇਤਰੀ ਯੁਵਕ ਮੇਲੇ ਵਿੱਚ ਅਕਤੂਬਰ 2022 ਵਿੱਚ ਜੱਜ ਦੀ ਭੂਮਿਕਾ ਨਿਭਾਈ।
- ਵਿਭਾਗ ਦੇ ਵਿਦਿਆਰਥੀਆਂ ਨੂੰ ਵਰਲਡ ਡਾਂਸ ਡੇ ਤੇ ਸਕੂਲੀ ਵਿਦਿਆਰਥੀਆਂ ਤੇ ਇੱਕ ਲੋਕ ਦੀ ਵਿਸ਼ੇਸ਼ ਵਿਜ਼ਿਟ ਦੌਰਾਨ ਧੁਨਾਂ ਤੇ ਅਧਾਰਿਤ ਮੈਸ਼ਅਪ ਤਿਆਰ ਕਰਵਾਇਆ।
- ਪੰਜਾਬੀ ਯੂਨੀਵਰਸਿਟੀ , ਪਟਿਆਲਾ ਦੇ ਵਾਇਸ ਚਾਂਸਲਰ ਸਾਹਿਬ ਵੱਲੋਂ ਮਾਰਚ 2023 ਵਿੱਚ ਫੈਕਲਟੀ ਆਫ ਆਰਟ ਐਂਡ ਕਲਚਰ ਦਾ ਮੈਂਬਰ ਨਿਯੁਕਤ ਕੀਤਾ ਗਿਆ।
- ਪੰਜਾਬੀ ਯੂਨੀਵਰਸਿਟੀ , ਪਟਿਆਲਾ ਦੇ ਵਾਇਸ ਚਾਂਸਲਰ ਸਾਹਿਬ ਵੱਲੋਂ ਬੋਰਡ ਆਫ ਅੰਡਰਗਰੈਜੂਏਟ ਸਟੱਡੀਜ਼ ਦੇ ਮੈਂਬਰ ਚੁਣਿਆ ਗਿਆ।

## ਪ੍ਰੋ. ਸੋਨੀਆ

- ਮਿਤੀ 07.08.2022 ਨੂੰ ਪੁਲਿਸ ਵਿਭਾਗ ਵੱਲੋਂ ਵੱਡੇ ਪੱਧਰ ਤੇ ਆਯੋਜਿਤ ਕਰਵਾਏ ਗਏ ਸੱਭਿਆਚਰਕ ਪ੍ਰੋਗਰਾਮ ਵਿੱਚ ਸੰਗਰੂਰ ਵਿਖੇ ਬਤੌਰ ਜੱਜ ਭੂਮਿਕਾ ਨਿਭਾਈ।
- ਮਿਤੀ 15.08.2022 ਨੂੰ ਮਿਸ਼ਨ ”ਹਰ ਘਰ ਤਿਰੰਗਾ” ਦੇ ਤਹਿਤ ਵਿਦਿਆਰਥਣਾਂ ਨੂੰ ਪ੍ਰੋਤਸਾਹਿਤ ਕਰਨ ਵਾਸਤੇ ਵਿਭਾਗ ਵਿਖੇ ਦੇਸ਼ ਭਗਤੀ ਤੇ ਕਵਿਤਾ ਉਚਾਰਨ ਕਰਕੇ , ਉਸਨੂੰ ਸਟਾਫ ਅਤੇ ਵਿਦਿਆਰਥਣਾਂ ਨਾਲ ਗਰੁੱਪਾਂ ਰਾਂਹੀ ਸਾਂਝਾ ਕੀਤਾ।
- ਮਿਤੀ 18.11.2022 ਨੂੰ ਬੀ.ਏ ਭਾਗ ਤੀਜਾ , ਫੰਕਸ਼ਨਲ ਇੰਗਲਿਸ਼ ਦੀਆਂ ਵਿਦਿਆਰਥਣਾਂ ਨੂੰ ਰੇਡੀਓ ਸਟੇਸ਼ਨ ਅਤੇ ਟੀਵੀ ਸਟੇਸ਼ਨ ਪਟਿਆਲਾ ਵਿਖੇ ਲੈ ਜਾ ਕੇ , ਉਹਨਾਂ ਦੇ ਗਿਆਨ ਵਿੱਚ ਵਾਧਾ ਕੀਤਾ।
- ਮਿਤੀ 21.11.2022 ਨੂੰ ਕਾਲਜ ਵਿਖੇ ਵਿਦਿਆਰਥਣਾਂ ਦੀ ਜਾਣਕਾਰੀ ਵਧਾਉਣ ਵਾਸਤੇ * ਲੀਗਲ ਸਰਵਿਸਿਜ਼ ” ਵਿਸ਼ੇ ਤੇ ਲੈਕਚਰ ਦਿੱਤਾ।
- ਮਿਤੀ 01.03.2023 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਬੋਰਡ ਆਫ ਸਟੱਡੀਜ਼ ਵਿੱਚ ਬਤੌਰ ਮੈਂਬਰ ਨਿਯੁਕਤ ਹੋਏ।

## ਪ੍ਰੋ. ਹਰਪ੍ਰੀਤ ਕੌਰ

- ਸੰਤਬਰ 2022 ਵਿੱਚ ਐਚ.ਆਰ.ਡੀ.ਸੀ. , ਪੰਜਾਬੀ ਯੂਨੀਵਰਸਿਟੀ , ਪਟਿਆਲਾ ਵੱਲੋਂ ਆਯੋਜਿਤ ਰਿਫਰੈਸ਼ਰ ਕੋਰਸ ਅਟੈਂਡ ਕੀਤਾ।
- ਨਵੰਬਰ 2022 ਵਿੱਚ ਯਾਦਵਿੰਦਰਾ ਪਬਲਿਕ ਸਕੂਲ , ਪਟਿਆਲਾ ਵਿੱਚ ਇੰਟਰ-ਹਾਊਸ ਡਿਬੇਟ ਕੰਪੀਟੀਸ਼ਨ ਵਿੱਚ ਬਤੌਰ ਜੱਜ ਭੂਮਿਕਾ ਨਿਭਾਈ।
- ਜਨਵਰੀ 2023 ਵਿੱਚ ਪੰਜਾਬੀ ਯੂਨੀਵਰਸਿਟੀ , ਪਟਿਆਲਾ ਦੀ ਅਕਾਦਮਿਕ ਕੌਂਸਲ ਵਿੱਚ ਬਤੌਰ ਮੈਂਬਰ ਨਿਯੁਕਤ ਹੋਈ।
- 24 ਫਰਵਰੀ 2023 ਅੰਗੇਜ਼ੀ ਵਿਭਾਗ , ਪੰਜਾਬੀ ਯੂਨੀਵਰਸਿਟੀ , ਪਟਿਆਲਾ ਵਿਖੇ ਖੋਜ ਪੱਤਰ ”ਸਪੇਸ , ਪਲੇਸ ਐਂਡ ਸਿਟੀ : ਅ ਕੰਨਸੈਪਚੁਅਲ ਅਨੈਲਿਸਿਜ਼ (Space, place and city : A Conceptual Analysis) ਪੜ੍ਹਿਆ।
- 16 ਮਾਰਚ 2023 ਅੰਗੇਜ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ , ਪਟਿਆਲਾ ਵੱਲੋਂ ਔਰਗਨਾਈਜ਼ਡ ” ਸੂਦ ਮੈਮੋਰੀਅਲ ਸਿੰਪੋਜ਼ੀਅਮ” ਵਿੱਚ ਬਤੌਰ ਜੱਜ ਭੂਮਿਕਾ ਨਿਭਾਈ।

## ਪ੍ਰੋ. ਨਵਜੋਤ ਕੌਰ

- ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਵੱਲੋਂ ਕਰਵਾਏ ਗਏ " ਇੰਪਲੀਮੈਂਟੇਸ਼ਨ ਆਫ ਐਨ ਈ ਪੀ –2020 ਫਾਰ ਯੂਨੀਵਰਸਿਟੀ ਐਂਡ ਕਾਲਜ ਟੀਚਰਜ਼ " ਪ੍ਰੋਗਰਾਮ ਵਿੱਚ ਭਾਗ ਲਿਆ ਅਤੇ ਗਰੇਡ ਪ੍ਰਾਪਤ ਕੀਤਾ ।
- ਮਿਤੀ 24.01.2023 ਤੋਂ 08.02.2023 ਨੂੰ ਉਚੇਰੀ ਸਿੱਖਿਆ ਵਿਭਾਗ ਪੰਜਾਬ ਵੱਲੋਂ ਆਯੋਜਿਤ 16 ਡੇ ਟਰੇਨਿੰਗ ਪ੍ਰੋਗਰਾਮ ਫਾਰ ਪ੍ਰੋਫੈਸਰਜ਼ (ਫਿਜ਼ੀਕਲ ਐਜੂਕੇਸ਼ਨ) ਆਫ ਗੌਰਮਿੰਟ ਕਾਲਜ਼ਿਜ਼ ਪੰਜਾਬ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਮਿਤੀ 24 ਜਨਵਰੀ 2022 ਤੋਂ 08 ਫਰਵਰੀ 2022 ਤੱਕ ਭਾਗ ਲਿਆ।
- ਮੈਂਬਰ ਆਫ ਬੋਰਡ ਆਫ ਸਟੱਡੀਜ਼  ਇਨ ਫਿਜੀਕਲ ਐਜੂਕੇਸ਼ਨ (ਅੰਡਰ ਗਰੈਜੂਏਟ ਕੋਰਸ)
- ਮਿਤੀ 22.03.2023 ਤੋਂ 24.03.2023 ਨੂੰ ਇੰਟਰਨੈਸ਼ਨਲ ਕਾਨਫਰੰਸ ਫਿਜੀਕਲ ਐਜੂਕੇਸ਼ਨ ਐਕਸਰਸਾਇਜ਼ ਸਾਂਇੰਸਸ ਵਿੱਚ ਪੇਪਰ ਪੇਸ਼ ਕੀਤਾ।

## ਪ੍ਰੋ. ਸ਼ਾਇਨਾ

- 07 ਅਗਸਤ 2022 ਨੂੰ "Dedicated Brother's Group" ਪੰਜਾਬ ਵੱਲੋਂ ਸਿਹਤ ਮੰਤਰੀ , ਪੰਜਾਬ ਕੈਬਿਨੇਟ ਚੇਤਨ ਸਿੰਘ ਜ਼ੋਰਾਮਾਜਰਾ ਵੱਲੋਂ ਡੈਡੀਕੇਟਿਡ ਟੀਚਰ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।
- RKSD ਕਾਲਜ, ਕੈਥਲ ਵਿਖੇ 28 ਅਗਸਤ 2022 ਨੂੰ ਭਾਰਤ ਵਿਕਾਸ ਪਰਿਸ਼ਦ ਦੁਆਰਾ ਆਯੋਜਿਤ ਸਮੂਹ ਗਾਇਨ ਪ੍ਰਤੀਯੋਗਤਾ ਵਿੱਚ ਬਤੌਰ ਜੱਜ ਦੀ ਭੂਮਿਕਾ ਨਿਭਾਈ।
- ਸਰਕਾਰੀ ਸੀਨੀਅਰ ਸਕੰਡਰੀ ਸਕੂਲ , ਸਿਵਿਲ ਲਾਇਨਜ਼, ਪਟਿਆਲਾ ਵਿਖੇ 31.10.2022 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਯੋਜਿਤ ਜ਼ੋਨ ਪੱਧਰੀ ਕਲਾ ਉਤਸਵ ਵਿੱਚ ਜੱਜ ਦੀ ਭੂਮਿਕਾ ਨਿਭਾਈ।
- ਮਾਤਾ ਗੁਜਰੀ ਕਾਲਜ , ਫਤਿਹਗੜ੍ਹ ਸਾਹਿਬ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਪ੍ਰਖਿਆਵਾਂ ਵਿੱਚ ਪ੍ਰੈਕਟੀਕਲ ਪ੍ਰੀਖਿਅਕ ਵਜੋਂ ਡਿਊਟੀ ਨਿਭਾਈ।
- 24 ਅਤੇ 25 ਮਾਰਚ 2023 ਨੂੰ ਦਿਆਨੰਦ ਪੀਜੀ ਕਾਲਜ , ਕਾਨਪੁਰ ਵੱਲੋਂ ਆਯੋਜਿਤ ਦੋ ਰੋਜ਼ਾ ਰਾਸ਼ਟਰੀ ਗੋਸ਼ਠੀ ਵਿੱਚ "ਰਾਸ਼ਟਰੀਯ ਏਕਤਾ ਮੇਂ ਭਾਰਤੀਯ ਸੰਗੀਤ ਕੀ ਭੂਮਿਕਾ " ਵਿਸ਼ੇ ਤੇ ਪੇਪਰ ਪ੍ਰਸਤੁਤ ਕੀਤਾ।

## ਪ੍ਰੋ. ਅਰੁਨਦੀਪ

- ਅਮਰ ਸੇਵਾ ਮੰਲਡ ਦੇ ਅਧੀਨ ਕਮਲਾ ਨਹਿਰੂ ਮਹਾਂਵਿਦਿਆਲਾ , ਨਾਗਪੁਰ ਵੱਲੋਂ ਮਿਤੀ 02.05.2022 ਤੋਂ 07.05.2022 ਤੱਕ ਕਰਵਾਏ "International One Week Faculty Development Programme on Research Methodology " ਵਿੱਚ ਭਾਗ ਲਿਆ।

## ਡਾ. ਮੀਤਿਕਾ ਗੋਇਲ

- ਮਿਤੀ 17 ਅਕਤੂਬਰ 2022 ਤੋਂ 25 ਅਕਤੂਬਰ 2022 ਤੱਕ "ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ " ਦੁਆਰਾ ਆਯੋਜਿਤ ਯੂ.ਜੀ.ਸੀ. ਅਪਰੂਵਡ ਸ਼ਾਰਟ ਟਰਮ ਪ੍ਰੋਫੈਸ਼ਨਲ ਡਿਵੈਲਪਮੈਂਟ ਪ੍ਰੋਗਰਾਮ ਆਨ ਇੰਮਪਲੀਮੈਂਟੇਸ਼ਨ ਆਫ ਐਨ.ਈ.ਪੀ. ਫਾਰ ਯੂਨੀਵਰਸਿਟੀ ਐਂਡ ਕਾਲਜ ਟੀਚਰਜ਼ ਵਿੱਚ ਭਾਗ ਲਿਆ ਅਤੇ ਏ+ ਗਰੇਡ ਪ੍ਰਾਪਤ ਕੀਤਾ।

### ਪ੍ਰੋ. ਬਲਵਿੰਦਰ ਕੌਰ

- 25.08.2022 ਨੂੰ ਪ੍ਰੋ. ਬਲਵਿੰਦਰ ਕੌਰ ਨੇ ਯਾਦਵਿੰਦਰਾ ਪਬਲਿਕ ਸਕੂਲ, ਪਟਿਆਲਾ ਦੁਆਰਾ ਆਯੋਜਿਤ ਇੰਟਰ ਹਾਊਸ ਹਿੰਦੀ ਵਾਦ ਵਿਵਾਦ ਪ੍ਰਤੀਯੋਗਤਾ ਵਿੱਚ ਬਤੌਰ ਜੱਜ ਸ਼ਿਰਕਤ ਕੀਤੀ।
- ਕਾਲਜ ਦੀ ਸਾਲਾਨਾ ਮੈਗਜ਼ੀਨ ''ਜੋਤਿ'' ਦੇ ਹਿੰਦੀ ਸੈਕਸ਼ਨ ਲਈ ਸੰਪਾਦਕ ਦੀ ਭੂਮਿਕਾ ਨਿਭਾਈ।
- ਮਿਤੀ 17 ਅਕਤੂਬਰ 2022 ਤੋਂ ਅਕਤੂਬਰ 2022 ਤੱਕ ''ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ '' ਦੁਆਰਾ ਆਯੋਜਿਤ ਯੂ.ਜੀ.ਸੀ. ਅਪਰੂਵਡ ਸ਼ਾਰਟ ਟਰਮ ਪ੍ਰੋਫੈਸ਼ਨਲ ਡਿਵੈਲਪਮੈਂਟ ਪ੍ਰੋਗਰਾਮ ਆਨ ਇੰਮਪਲੀਮੈਂਟੇਸ਼ਨ ਆਫ ਐਨ.ਈ.ਪੀ. ਫਾਰ ਯੂਨੀਵਰਸਿਟੀ ਐਂਡ ਕਾਲਜ ਟੀਚਰਜ਼ ਵਿੱਚ ਭਾਗ ਲਿਆ ਅਤੇ ਏ+ ਗਰੇਡ ਪ੍ਰਾਪਤ ਕੀਤਾ।

### ਪ੍ਰੋ. ਅਭਿਨੀਤ

- ਮਿਤੀ 26.02.2023 ਨੂੰ ਸ਼ੀਸ਼ ਮਹਿਲ ਵਿਖੇ ਪਟਿਆਲਾ ਕਰਾਫਟ ਮੇਲਾ (ਰੰਗਲਾ ਪੰਜਾਬ) 2023 ਵਿੱਚ ਸੱਭਿਆਚਾਰਕ ਮੁਕਾਬਲੇ ਵਿੱਚ ਬਤੌਰ ਜੱਜ ਦੀ ਡਿਊਟੀ ਨਿਭਾਈ।

### ਪ੍ਰੋ. ਰਿਚਾ ਬਾਂਸਲ

- ਮਿਤੀ 23.04.2022 ਨੂੰ ''ਪਾਣੀ ਬਚਾਓ'' ਵਿਸ਼ੇ ਤੇ **ਹਰਿਆਵਲ ਪੰਜਾਬ** NGO ਵੱਲੋਂ ਕਰਵਾਏ ਗਏ ਸੈਮੀਨਾਰ ਵਿੱਚ ਬਤੌਰ ਮੁੱਖ ਬੁਲਾਰਾ ਸ਼ਿਰਕਤ ਕੀਤੀ।
- ਮਿਤੀ 19.06.2022 ਨੂੰ ਪਟਿਆਲਾ ਵੈਲਫੇਅਰ ਐਸੋਸੀਏਸ਼ਨ ਦੁਆਰਾ ਸਟੇਟ ਕਾਲਜ ਆਫ ਐਜੂਕੇਸ਼ਨ ਵਿਖੇ ਕਰਵਾਏ ਪ੍ਰੋਗਰਾਮ ਵਿੱਚ ਬੇਹਤਰ ਕਾਰਗੁਜ਼ਾਰੀ ਲਈ ਸਨਮਾਨਿਤ ਕੀਤਾ ਗਿਆ।
- ਮਿਤੀ 05.08.2022 ਨੂੰ ਸਰਕਾਰੀ ਬਿਕਰਮ ਕਾਲਜ, ਪਟਿਆਲਾ ਵਿਖੇ ਜਿਲ੍ਹਾ ਪ੍ਰਸ਼ਾਸ਼ਨ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਹਿਯੋਗ ਨਾਲ ਕਰਵਾਏ ਸਿੰਗਲ ਯੂਜ਼ ਪਲਾਸਟਿਕ ਦੀ ਰੋਕਥਾਮ ਲਈ ਜਾਗਰੁਕਤਾ ਪ੍ਰੋਗਰਾਮ ਵਿਖੇ ਬਤੌਰ ਵਿਸ਼ਾ ਮਾਹਿਰ ਭਾਸ਼ਣ ਦਿੱਤਾ।
- MAGSIPA ਵੱਲੋਂ ਮਿਤੀ 17 ਅਤੇ 18 ਜਨਵਰੀ 2023 ਨੂੰ ਆਯੋਜਿਤ 02 ਰੋਜ਼ਾ ਟ੍ਰੇਨਿੰਗ ਪ੍ਰੋਗਰਾਮ SEVOTHAM – Delivery of Quality Public Services ਵਿੱਚ ਭਾਗ ਲਿਆ।

### ਪ੍ਰੋ. ਗਗਨਦੀਪ ਕੌਰ

- ਬਾਬਾ ਫਰੀਦ ਕਾਲਜ ਆਫ ਐਜੂਕੇਸ਼ਨ ਵੱਲੋਂ ਮਿਤੀ 04.07.2022 ਤੋਂ ਮਿਤੀ 10.07.2022 ਤੱਕ Methodology of Teaching & Research ਵਿਸ਼ੇ ਉਪਰ ਆਯੋਜਿਤ ਆਨਲਾਈਨ International Faculty Development ਪ੍ਰੋਗਰਾਮ ਵਿੱਚ ਭਾਗ ਲਿਆ।

### ਡਾ. ਸ਼ਿਵਾਨੀ ਸ਼ਰਮਾ

- ਇੱਕ ਦਿਨ ਦੀ ਆਨਲਾਈਨ ਨੈਸ਼ਨਲ ਵਰਕਸ਼ਾਪ , ਗਵਰਨਮੈਂਟ ਪੋਸਟ ਗਰੈਜੂਏਟ ਕਾਲਜ , ਅੰਬਾਲਾ ਕੈਂਟ, ਹਰਿਆਣਾ ਵਿਖੇ 01 ਅਕਤੂਬਰ 2022 ਨੂੰ ਅਟੈਂਡ ਕੀਤਾ।

- ਯੂ.ਜੀ.ਸੀ. ਵੱਲੋਂ ਅਪਰੂਵਡ ਸ਼ਾਰਟ ਟਰਮ ਪ੍ਰੋਫੈਸ਼ਨਨਲ ਡਿਵੈਲਮੈਂਟ ਪ੍ਰੋਗਰਾਮ ਆਨ ਟੀਚਰ ਐਂਡ ਟੀਚਿੰਗ ਲਈ ਅਟੈਂਡ ਕੀਤਾ ਅਤੇ ਏ+ ਗਰੇਡ ਪ੍ਰਾਪਤ ਕੀਤਾ।

## ਡਾ. ਪ੍ਰਵੀਨ ਬਾਲਾ

- ਹਿੰਦੀ ਪੱਤ੍ਰਿਕਾ ਸੰਪਾਦਕ ਡਾ. ਪੋਪਟ ਭਾਵਰਾਵ ਬਿਰਾਰੀ ਐਚ.ਐਚ.ਆਰ.ਏ ਪਬਲੀਕੇਸ਼ਨ , ਬੈਂਗਲੌਰ 2022 ਪੁਸਤਕ ਵਿੱਚ "ਸਮਾਚਾਰ ਦੇ ਪ੍ਰਕਾਰ" ਰਿਸਰਚ ਪੇਪਰ , ਪ੍ਰਕਾਸ਼ਿਤ ਕਰਵਾਇਆ ਪੇਜ਼ ਨੰਬਰ 104-110 (ISBN 978-93-5506-296-3)
- ਦੇਵ ਤੁਲਯ ਮਾਨਵ ਸੰਪਾਦਕ ਡਾ. ਪ੍ਰਭੂ ਚੌਧਰੀ , ਵਿਨਾਯਿਕ ਪਿੰਟ੍ਰਜ਼ , ਨਾਗਦਾ ਜੰਕਸ਼ਨ 2022 ਪੁਸਤਕ ਵਿੱਚ "ਗੁਰੂ ਨਾਨਕ ਦੇਵ ਜੀ ਤੀ ਸਮਾਜਿਕ ਚੇਤਨਾ ਰਿਸਰਚ ਪੇਪਰ ਪ੍ਰਕਾਸ਼ਿਤ ਪੇਜ਼ ਨੰਬਰ 35-37।
- ਮਿਤੀ 11, 12 ਦਸੰਬਰ 2022 ਨੂੰ ਸੈਂਟਰਲ ਯੂਨੀਵਰਸਿਟੀ, ਪੰਜਾਬ ਵੱਲੋਂ ਆਯੋਜਿਤ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਵਿੱਚ **ਸਾਂਸਕ੍ਰਿਤਿਕ ਭਾਸ਼ਾ ਕੇ ਰੂਪ ਮੇਂ** ਹਿੰਦੀ ਵਿਸ਼ੇ ਤੇ ਪੱਤਰ ਪ੍ਰਸਤੁਤੀ ਕੀਤੀ।
- ਕੇ.ਜੀ. ਕਾਲਜ ਪਾਮਪਡੇ ਕੇਰਲਾ ਵੱਲੋਂ ਆਯੋਜਿਤ **" ਬਾਰਡਸ ਆਫ ਭਾਰਤ"** ਇਵੈਂਟ ਆਫ ਭਾਰਤੀਯਮ ਵਿੱਚ ਪੰਜਾਬ ਰਾਜ ਨੂੰ ਰਿਪਰੀਜੈਂਟ ਕਰਦੇ ਹੋਏ ਰਾਸ਼ਟਰੀ ਕਵਿਤਾ ਪ੍ਰਸਤੁਤ ਕੀਤੀ।
- ਮਿਤੀ 15.08.2022 ਨੂੰ ਬੈਸਟ ਸੈਲਫੀ ਵਿਦ ਤਿਰੰਗਾ, ਦੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।
- ਭਾਰਤ ਮਾਤਾ ਅਭਿਨੰਦਨ ਸੰਮਾਨ ਵੱਲੋਂ ਭਾਰਤ ਮਾਤਾ ਅਭਿਨੰਦਨਾ ਸੰਗਠਨ ਭਿਵਾਨੀ ਹਰਿਆਣਾ, ਮਿਤੀ 11.09.2022।

## ਡਾ. ਸ਼ਿਵਾਨੀ ਸਿੰਗਲਾ

- ਯੂ.ਜੀ.ਸੀ. ਵੱਲੋਂ ਅਪਰੂਵਡ ਸ਼ਾਰਟ ਟਰਮ ਪ੍ਰੋਫੈਸ਼ਨਨਲ ਡਿਵੈਲਮੈਂਟ ਪ੍ਰੋਗਰਾਮ ਆਨ ਟੀਚਰ ਐਂਡ ਟੀਚਿੰਗ ਲਈ ਅਟੈਂਡ ਕੀਤਾ ਅਤੇ ਏ+ ਗਰੇਡ ਪ੍ਰਾਪਤ ਕੀਤਾ।

## ਖੇਡਾਂ

ਪੜਾਈ ਦੇ ਨਾਲ-ਨਾਲ ਕਾਲਜ ਦੀਆਂ ਵਿਦਿਆਰਥਣਾਂ ਨੇ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਾਪਤੀਆਂ ਕਰਕੇ ਕਾਲਜ ਦਾ ਮਾਣ ਵਧਾਇਆ ਹੈ।ਕਰਾਟੇ ਵਿਚ ਸਾਡੇ ਕਾਲਜ ਦੀਆਂ ਲੜਕੀਆਂ ਨੇ ਕਈ ਮੱਲਾਂ ਮਾਰੀਆਂ।

❖ **ਕਰਾਟੇ**

- ਜਸਵਿੰਦਰ ਕੌਰ ਬੀ ਏ ਭਾਗ ਤੀਜਾ ਰੋਲ ਨੰਬਰ 3362 ਇਹ ਇੰਟਰ ਕਾਲਜ ਕਰਕੇ ਵਿੱਚ ਗੋਲਡ ਮੈਡਲ , ਓਪਨ ਸਟੇਟ ਕਰਾਟੇ ਚੈਂਪੀਅਨਸ਼ਪ ਵਿੱਚ ਸਿਲਵਰ ਮੈਡਲ ਅਤੇ ਕਰਾਟੇ ਇੰਟਰ-ਵਰਸਿਟੀ ਵਿਚ ਭਾਗ ਲਿਆ ।
- ਅੰਜੂ ਕੌਰ ਬੀ ਏ ਭਾਗ ਤੀਜਾ ਰੋਲ ਨੰਬਰ 33 61 ਨੇ ਇੰਟਰ ਕਾਲਜ ਕਰਾਟੇ ਵਿੱਚ ਗੋਲਡ ਮੈਡਲ, ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਪ ਵਿੱਚ ਸਿਲਵਰ ਮੈਡਲ ਅਤੇ ਕਰਾਟੇ ਇੰਟਰ-ਵਰਸਿਟੀ ਵਿੱਚ ਭਾਗ ਲਿਆ ।
- ਜਸਪ੍ਰੀਤ ਕੌਰ ਬੀ ਏ ਭਾਗ ਤੀਜਾ ਰੋਲ ਨੰਬਰ 3363 ਨੇ ਇੰਟਰ ਕਾਲਜ ਕਰਾਟੇ ਵਿੱਚ ਭਾਗ ਲਿਆ ਅਤੇ ਓਪਨ ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਪ ਵਿਚ ਬਰੋਨਜ਼ ਮੈਡਲ ਹਾਸਲ ਕੀਤਾ।
- ਮਨਦੀਪ ਕੌਰ ਬੀ ਏ ਭਾਗ ਤੀਜਾ ਰੋਲ ਨੰਬਰ 3360 ਇੰਟਰ ਕਾਲਜ ਕਰਾਟੇ ਵਿੱਚ ਭਾਗ ਲਿਆ ਅਤੇ ਓਪਨ ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਪ ਵਿਚ ਬਰੋਨਜ਼ ਮੈਡਲ ਹਾਸਲ ਕੀਤਾ।
- ਅਮਨਦੀਪ ਕੌਰ ਬੀ.ਏ. ਭਾਗ ਦੂਜਾ ਨੇ ਇੰਟਰ ਕਾਲਜ ਕਰਾਟੇ ਵਿੱਚ ਭਾਗ ਲਿਆ ਅਤੇ ਓਪਨ ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਪ ਵਿਚ ਬਰੋਨਜ਼ ਮੈਡਲ ਹਾਸਲ ਕੀਤਾ।

- ਹਰਮਨਜੋਤ ਕੌਰ ਬੀ.ਏ. ਭਾਗ ਦੂਜਾ ਨੇ ਇੰਟਰ ਕਾਲਜ ਕਰਾਟੇ ਵਿੱਚ ਭਾਗ ਲਿਆ ਅਤੇ ਓਪਨ ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਪ ਵਿਚ ਬਰੋਨਜ਼ ਮੈਡਲ ਹਾਸਲ ਕੀਤਾ।
- ਬਿਧੀ ਸ਼ਰਮਾ ਬੀ.ਏ. ਭਾਗ ਪਹਿਲਾ ਨੇ ਇੰਟਰ ਕਾਲਜ ਕਰਾਟੇ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

❖ **ਕਿੱਕ ਬਾਕਸਿੰਗ**

- ਰੀਨਾ ਦੇਵੀ ਬੀਏ ਭਾਗ ਤੀਜਾ 3323 ਰੋਲ ਨੰਬਰ ਨੇ ਇੰਟਰ ਕਾਲਜ ਕਿੱਕ ਬਾਕਸਿੰਗ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ।
- ਅਮਨਦੀਪ ਕੌਰ ਬੀਏ ਭਾਗ ਦੂਜਾ ਨੇ ਕਿੰਕ ਬਾਕਸਿੰਗ ਪੁਆਂਇੰਟ ਫਾਈਟ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।
- ਮਨਦੀਪ ਕੌਰ ਬੀਏ ਭਾਗ ਤੀਜਾ ਰੋਲ ਨੰਬਰ 3360 ਨੇ ਇੰਟਰ ਕਾਲਜ ਕਿੱਕ ਬਾਕਸਿੰਗ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।
- ਹਰਮਨਜੋਤ ਕੌਰ ਬੀ.ਏ. ਭਾਗ ਦੂਜਾ ਨੇ ਕਿੰਕ ਬਾਕਸਿੰਗ ਪੁਆਂਇੰਟ ਫਾਈਟ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

❖ **ਫੈਨਸਿੰਗ**

- ਸਮੀਕਸ਼ਾ ਕਲਿਆਨੀ ਬੀਏ ਭਾਗ ਪਹਿਲਾ ਰੋਲ ਨੰਬਰ 220 ਨੇ ਇੰਟਰ ਕਾਲਜ ਫੈਨਸਿੰਗ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ।

❖ **ਐਥਲੈਟਿਕਸ**

- ਦਿਕਸ਼ਾ ਬੀ.ਏ ਭਾਗ ਦੂਜਾ ਨੇ ਓਪਨ ਸਟੇਟ ਐਥਲੈਟਿਕਸ 200 ਮੀਟਰ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ , ਜਿਲ੍ਹਾ ਪੱਧਰੀ ਸੈਮੀ ਮੈਰਾਥਾਨ ਵਿੱਚ ਭਾਗ ਲਿਆ ਤੇ ਕਾਲਜ ਦੇ ਸਾਲਾਨਾ ਖੇਡ ਸਮਾਰੋਹ ਵਿੱਚ "ਬੈਸਟ ਐਰੁਲੀਟ ਦਾ ਅਵਾਰਡ ਪ੍ਰਾਪਤ ਕੀਤਾ।

❖ **ਜਿਮਨਾਸਟਿਕਸ**

- ਪੂਜਾ ਬੀਏ ਭਾਗ ਦੂਜਾ ਨੇ ਖੇਡਾਂ ਵਤਨ ਪੰਜਾਬ (ਸਟੇਟ) ਪੱਧਰ ਵਿੱਚ ਭਾਗ ਲਿਆ ਅਤੇ ਇੰਟਰ ਕਾਲਜ ਜਿਮਨਾਸਟਿਕ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।
- ਰੋਸ਼ੀ ਬੀਏ ਭਾਗ ਦੂਜਾ ਨੇ ਖੇਡਾਂ ਵਤਨ ਪੰਜਾਬ (ਸਟੇਟ) ਪੱਧਰ ਵਿੱਚ ਭਾਗ ਲਿਆ ਅਤੇ ਇੰਟਰ ਕਾਲਜ ਜਿਮਨਾਸਟਿਕ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।
- ਪੁਸ਼ਪਾ ਰਾਣੀ ਬੀਏ ਭਾਗ ਦੂਜਾ ਨੇ ਖੇਡਾਂ ਵਤਨ ਪੰਜਾਬ (ਸਟੇਟ) ਪੱਧਰ ਵਿੱਚ ਭਾਗ ਲਿਆ ਅਤੇ ਇੰਟਰ ਕਾਲਜ ਜਿਮਨਾਸਟਿਕ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।
- ਕਾਜਲ ਬੀਏ ਭਾਗ ਪਹਿਲਾ ਨੇ ਖੇਡਾਂ ਵਤਨ ਪੰਜਾਬ (ਸਟੇਟ) ਪੱਧਰ ਵਿੱਚ ਭਾਗ ਲਿਆ ਅਤੇ ਇੰਟਰ ਕਾਲਜ ਜਿਮਨਾਸਟਿਕ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।
- ਦਿਕਸ਼ਾ ਬੀਏ ਭਾਗ ਦੂਜਾ ਇੰਟਰ ਕਾਲਜ ਜਿਮਨਾਸਟਿਕ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।
- ਕਾਜਲ ਕੌਰ ਬੀਏ ਭਾਗ ਪਹਿਲਾ ਨੇ ਇੰਟਰ ਕਾਲਜ ਜਿਮਨਾਸਟਿਕ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

❖ **ਵਾਲੀਬਾਲ**

- ਕਾਲਜ ਦੀ ਵਾਲੀਬਾਲ ਟੀਮ ( ਕਾਜਲ, ਪੂਜਾ, ਉਪਨਿੰਦਰ ਕੌਰ, ਬਲਜੀਤ ਕੌਰ, ਰੁਪਿੰਦਰ ਕੌਰ ,ਜ਼ਸਪ੍ਰੀਤ ਕੌਰ, ਤਰਨਦੀਪ ਕੌਰ , ਮਨਪ੍ਰੀਤ ਕੌਰ ) ਨੇ ਇੰਟਰ ਕਾਲਜ ਵਾਲੀਬਾਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

❖ **ਖੇਡਾਂ ਵਤਨ ਪੰਜਾਬ ਦੀਆਂ**

ਪੰਜਾਬ ਸਰਕਾਰ ਵੱਲੋ"ਖੇਡਾਂ ਵਤਨ ਪੰਜਾਬ ਦੀਆਂ " ਅਧੀਨ ਬਲਾਕ ਪੱਧਰ ਤੇ ਟੂਰਨਾਮੈਂਟ ਮਿਤੀ 02.09.2023 ਤੋਂ 07.09.2023 ਤੱਕ ਪੋਲੋਗਰਾਂਊਂਡ ਪਟਿਆਲਾ ਵਿਖੇ ਹੋਇਆ ਜਿਸ ਵਿੱਚ ਕਾਲਜ ਦੀਆਂ ਵਿਦਿਆਰਥਦਾਂ ਨੇ ਭਾਗ ਲਿਆ ।

- ਖੋ-ਖੋ ਵਿੱਚ ਪਹਿਲਾ ਸਥਾਨ

- ਫੁਟਬਾਲ ਟੀਮ ਪਹਿਲਾ ਸਥਾਨ
- ਕਬੱਡੀ ਟੀਮ ਦੂਜਾ ਸਥਾਨ
- ਰੱਸਾ ਕੱਸੀ ਵਿੱਚ (21-40 ਉਮਾਰ ਵਰਗ) ਵਿੱਚ ਪਹਿਲਾ ਅਤੇ ਅੰਡਰ 21 ਵਿੱਚ ਦੂਜਾ ਸਥਾਨ ਹਾਸਲ ਕੀਤਾ।
- ਅਥਲੈਟਿਕਸ ਵਿੱਚ 200 ਮੀਟਰ ਵਿੱਚ ਪਹਿਲਾ ਤੇ ਦੂਜਾ ਸਥਾਨ ਅਤੇ ਲੌਂਗ ਜੰਮ ਵਿੱਚ ਵੀ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਕਾਲਜ ਦੀ ਵਾਲੀਬਾਲ ਟੀਮ ਨੇ ਪਹਿਲਾ ਸਥਾਨ ਹਾਸਿਲ ਕੀਤਾ।

**ਖੇਡ ਸਮਾਰੋਹ:**

ਮਿਤੀ 15.03.2023 ਨੂੰ ਪ੍ਰਿੰਸੀਪਲ ਸ਼੍ਰੀਮਤੀ ਚਰਨਜੀਤ ਕੌਰ ਜੀ ਦੀ ਸੁਯੋਗ ਅਗਵਾਈ ਵਿੱਚ ਪ੍ਰੋ. ਗੁਰਿੰਦਰ ਕੌਰ , ਮੁੱਖੀ ਸਰੀਰਿਕ ਸਿੱਖਿਆ ਵਿਭਾਗ ਵੱਲੋਂ ਸਾਲਾਨਾ ਖੇਡ ਸਮਾਰੋਹ ਕਰਵਾਇਆ ਗਿਆ।ਜਿਸਦਾ ਉਦਘਾਟਨ ਸ਼੍ਰੀਮਤੀ ਕੁਲਵੰਤ ਕੌਰ, ਸਾਬਕਾ ਪ੍ਰਿੰਸੀਪਲ ਅਤੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਵੱਲੋਂ ਕੀਤਾ ਗਿਆ। ਸਮਾਪਨ ਸਮਾਰੋਹ ਦੇ ਮੱਖ ਮਹਿਮਾਨ ਸ਼੍ਰੀਮਤੀ ਰਵਿੰਦਰ ਕੌਰ ਸੂਚ, ਪ੍ਰਿੰਸੀਪਲ ਸ਼ਹੀਦ ਉਧਮ ਸਿੰਘ, ਸਰਕਮਾਰੀ ਕਾਲਜ ਸੁਨਾਮ ਨੇ ਜੇਤੂ ਖਿਡਾਰਨਾਂ ਨੂੰ ਇਨਾਮ ਤਕਸੀਮ ਕੀਤੇ।ਪ੍ਰਿੰਸੀਪਲ ਕੁਲਵੰਤ ਕੌਰ ਜੀ ਨੇ ਕਾਲਜ ਦੀ ਬੈਸਟ ਐਥਲੀਟ ਦਿਕਸ਼ਾ ਬੀਏ ਭਾਗ ਦਜਾ ਨੂੰ ਰੁ: 1100 ਰੁ: ਦੀ ਨਕਦ ਰਾਸ਼ੀ ਦਾ ਇਨਾਮ ਵੀ ਦਿੱਤਾ ।

## ਸਹਿਵਿਦਿਅਕ ਗਤੀਵਿਧੀਆਂ

ਬਹੁਗਿਣਤੀ ਸਟਾਫ ਮੈਂਬਰਜ਼ ਨੇ ਸਾਲ ਵਿੱਚ "ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ " ਦੁਆਰਾ ਆਯੋਜਿਤ ਯੂ.ਜੀ.ਸੀ. ਅਪਰੂਵਡ ਸ਼ਾਰਟ ਟਰਮ ਪ੍ਰੋਫੈਸ਼ਨਲ ਡਿਵੈਲਪਮੈਂਟ ਪ੍ਰੋਗਰਾਮ ਆਨ ਇੰਮਪਲੀਮੈਂਟੇਸ਼ਨ ਆਫ ਐਨ.ਈ.ਪੀ. ਫਾਰ ਯੂਨੀਵਰਸਿਟੀ ਐਂਡ ਕਾਲਜ ਟੀਚਰਜ਼ ਵਿੱਚ ਭਾਗ ਲਿਆ ਅਤੇ ਗਰੇਡ ਪ੍ਰਾਪਤ ਕੀਤੇ।

## ਸਭਿਆਚਾਰਕ ਗਤੀਵਿਧੀਆਂ

- 12 ਮਾਰਚ 2022 ਨੂੰ ਐਲੂਮਨਈ ਮੀਟ ਮੌਕੇ ਸੰਗੀਤ ਵਿਦਿਆਥੀਆਂ ਵੱਲੋਂ ਲਤਾ ਮੰਗੇਸ਼ਕਰ ਜੀ ਦੀ ਯਾਦ ਵਿੱਚ ਸ਼ਾਨਦਾਰ **"ਮੈਡਲੇ "** ਪੇਸ਼ਕਾਰੀ ਕੀਤੀ ਗਈ।
- 29 ਅਪ੍ਰੈਲ ਨੂੰ **ਵਰਲਡ ਡਾਂਸ ਡੇ** ਮੌਕੇ ਸ਼ਾਨਦਾਰ ਨ੍ਰਿਤ ਪੇਸ਼ਕਾਰੀਆਂ- ਸ਼ਾਸਤਰੀ ਮਹਾਂਰਾਸ਼ਟਰੀ, ਲਾਵਣੀ, ਹਰਿਆਣਵੀ, ਸੰਮੀ ਡਾਂਸ ਅਤੇ ਏਕਤਾ ਨ੍ਰਿਤ ਆਯੋਜਿਤ ਕਰਵਾਏ ਗਏ ।
- **ਏਕ ਭਾਰਤ ਸਰੇਸ਼ਟ ਭਾਰਤ** ਅਤੇ **ਰੈਡ ਰਿਬਨ ਕਲੱਬ** ਦੀ ਸਕੀਮ ਤਹਿਤ ਮਹੀਨੇ ਵਿਚ ਕਈ ਵਾਰ ਸਾਹਿਤਕ ਅਤੇ ਕਲਚਰਲ ਪ੍ਰੋਗਰਾਮ ਕਰਵਾਏ ਜਾਂਦੇ ਹਨ ਜਿਨ੍ਹਾਂ ਵਿੱਚ ਕੁਇਜ਼, ਨੁੱਕੜ ਨਾਟਕ, ਸੰਵਿਧਾਨ ਦਿਵਸ ਆਯੋਜਨ, ਇਤਿਹਾਸ ਵਿਭਾਗ ਦੇ ਅਤੇ ਭਾਸ਼ਾ ਵਿਭਾਗ ਦੇ ਪ੍ਰੋਗਰਾਮ ਵੀ ਸ਼ਾਮਲ ਹਨ। ਸ਼ਹੀਦ ਭਗਤ ਸਿੰਘ ਦਿਵਸ ਤੇ ਵੀ ਨਾਟਕ ਅਤੇ ਨੁੱਕੜ ਨਾਟਕ ਦੀ ਪੇਸ਼ਕਾਰੀ ਕੀਤੀ ਗਈ।
- 15 ਅਗਸਤ ਅਤੇ 26 ਜਨਵਰੀ ਤੇ ਲਗਭਗ ਢਾਈ ਸੌ ਵਿਦਿਆਰਥੀਆਂ ਨੇ ਜਿਲ੍ਹਾ ਪੱਧਰੀ ਗਣਤੰਤਰ ਦਿਵਸ, ਆਜ਼ਾਦੀ ਸਮਾਰੋਹ ਮੌਕੇ ਲੋਕ ਨਾਚ ਪੇਸ਼ ਕਰਕੇ ਟਰਾਫੀਆਂ ਪ੍ਰਾਪਤ ਕੀਤੀਆਂ, ਪੋਲੋ ਗਰਾਉਂਡ ਦੇ ਰਾਜ ਪੱਧਰੀ ਖੇਡ ਸਮਾਰੋਹ ਵਿੱਚ ਵੀ ਬੱਚਿਆਂ ਨੇ ਦੇਸ਼ ਭਗਤੀ ਗੀਤ ਅਤੇ ਰਾਸ਼ਟਰੀ ਗੀਤ ਦੀ ਪੇਸ਼ਕਾਰੀ ਕੀਤੀ ।
- ਜ਼ੋਨਲ ਯੂਥ ਫੈਸਟੀਵਲ ਪਬਲਿਕ ਕਾਲਜ ਸਮਾਣਾ ਵਿਖੇ ਹੋਇਆ ਅਤੇ ਕਾਲਜ ਦੇ ਵਿਦਿਆਰਥੀਆਂ ਨੇ ਸ਼ਾਸ਼ਤੀ ਨ੍ਰਿਤ ਵਿੱਚ ਪਹਿਲਾਂ , ਲੋਕ ਗੀਤ, ਸਮੂਹ ਗਾਇਨ ਵਿੱਚ ਦੂਜਾ ਅਤੇ ਅਤੇ ਕਲੀ ਸ਼ਬਦ ਗਾਇਨ ਵਿੱਚ ਤੀਜਾ

ਸਥਾਨ ਹਾਸਲ ਕੀਤਾ ਅਤੇ ਗਿੱਧਾ , ਵਾਰਗਾਇਨ ਅਤੇ ਕਵੀਸ਼ਰੀ ਵਿੱਚ ਭਾਗ ਲਿਆ।ਕੋਮਲ ਕਲਾ ਵਿਭਾਗ ਨੇ ਕਲੇਅ ਮਾਡਲਿੰਗ , ਫੋਟੋਗਰਾਫੀ , ਕੋਲਾਜ ਵਿੱਚ ਪਹਿਲਾ ਸਥਾਨ ਹਾਸਲ ਕੀਤਾ ।

- ਇੰਟਰ ਜ਼ੋਨਲ ਯੁਵਕ ਮੇਲੇ ਵਿੱਚ ਕੋਮਲ ਕਲਾ ਵਿਭਾਗ ਦੇ ਵਿਦਿਆਰਥੀਆਂ ਮਨਜੀਤ ਕੌਰ ਨੇ ਮਿੱਟੀ ਦੇ ਖਿਡੌਣੇ ਵਿੱਚ ਪਹਿਲਾ ਅਤੇ ਮੰਜੂ ਰਾਣੀ ਨੇ ਕੋਲਾਜ ਵਿੱਚ ਤੀਜਾ ਸਥਾਨ ਹਾਸਲ ਕੀਤਾ।
- ਪ੍ਰਫਾਮਿੰਗ ਆਰਟਸ ਵਿਭਾਗਾਂ (ਸੰਗੀਤ ਗਾਇਨ , ਵਾਦਨ ਅਤੇ ਨ੍ਰਿਤ) ਦੇ ਵਿਦਿਆਰਥੀਆਂ ਨੂੰ ਸਮੂਹ ਗਾਇਨ ਵਿੱਚ ਤੀਜਾ, ਸ਼ਾਸ਼ਤਰੀ ਨ੍ਰਿਤ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਡਾਂਸ ਵਿਭਾਗ ਦੀ ਵਿਦਿਆਰਣ ਅੰਜਲੀ ਐਮ.ਏ. 2 ਡਾਂਸ ਨੇ ਰਾਜ ਪੱਧਰੀ ਸ਼ਾਸ਼ਤਰੀ ਨ੍ਰਿਤ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਨਾਰਥ ਜਾਨ ਇੰਟਰ ਵਰਸਿਟੀ ਵਿੱਚ ਸ਼ਲਾਘਾ ਯੋਗ ਪੇਸ਼ਕਾਰੀ ਕੀਤੀ।ਕੁਮਾਰੀ ਅੰਜਲੀ ਦੀ ਪੇਸ਼ਕਾਰੀ ਦੀ ਤਿਆਰੀ ਪ੍ਰੋ. ਜੈਸਮੀਨ ਵੱਲੋਂ ਕਰਵਾਈ ਕਈ। ਨ੍ਰਿਤ ਵਿਭਾਗ ਅਤੇ ਸੰਗੀਤ ਵਾਦਨ ਵਿਭਾਗ ਦੀ ਅਗਵਾਈ ਵਿੱਚ ਇਸ ਵਿਦਿਆਰਥਣ ਨੇ ਨਾਰਥ ਜ਼ੋਨ ਇੰਟਰ ਵਰਸਿਟੀ ਰਾਸ਼ਟਰੀ ਪੱਧਰ ਯੁਵਕ ਮੇਲੇ ਵਿੱਚ ਫੋਕ ਆਰਕੈਸਟਰਾ ਆਈਟਮ ਵਿੱਚ ਪਹਿਲਾ ਅਤੇ ਰਾਸ਼ਟਰੀ ਯੁਵਕ ਮੇਲੇ ਵਿੱਚ ਤੀਜਾ ਸਥਾਨ ਹਾਸਿਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ।
- ਅੰਤਰ ਰਾਸ਼ਟਰੀ ਮਹਿਲਾ ਦਿਵਸ, ਖੇਡ ਸਮਾਰੋਹ , ਲੋਹੜੀ ਸਮਾਰੋਹ , ਐਲੂਮਨਾਈ ਮੀਟ , ਮੌਕੇ ਵਿਦਿਆਰਥੀਆਂ ਵੱਲੋਂ ਸੰਗੀਤ ਆਈਟਮਾਂ ਅਤੇ ਵੱਖ-ਵੱਖ ਤਰ੍ਹਾਂ ਦੀਆਂ ਨ੍ਰਿਤ ਪੇਸ਼ਕਾਰੀਆਂ ਕੀਤੀਆਂ ਗਈਆਂ।ਸਕੂਲ ਵਿਦਿਆਰਥੀਆਂ ਦੀ ਵਿਜ਼ਿਟ ਸਮੇਂ ਸੁਆਗਤੀ ਨ੍ਰਿਤ ਅਤੇ ਗੀਤ ਪੇਸ਼ ਕੀਤੇ ਗਏ।
- ਹੈਰੀਟੇਜ ਫੈਸਟੀਵਲ ਵਿੱਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਰੋਜ਼ਾਨਾ ਹਰ ਆਈਟਮ ਵਿੱਚ ਭਾਗ ਲਿਆ ਗਿਆ, ਜਿਹਨਾਂ ਵਿੱਚੋਂ ਰੰਗੋਲੀ, ਮਹਿੰਦੀ , ਕਢਾਈ , ਲੋਕ ਕਲਾਵਾਂ ਅਤੇ ਸੋਲੋ ਲੋਕ ਨਾਚ ਰੋਜਾਨਾ ਕੀਤੇ ਗਏ।ਸੰਮੀ , ਗਿੱਧੇ ਵਿੱਚ ਦੂਜਾ, ਲੁਡੀ, ਵਿੱਚ ਤੀਜਾ ਸਥਾਨ ਅਤੇ ਲੋਕ ਗੀਤ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਜਿਸ ਵਿੱਚ ਵਿਦਿਆਰਥਣਾਂ ਨੇ ਗਿੱਧੇ ਵਿੱਚ 2100ਰੁ: , ਸੰਮੀ ਵਿੱਚ 2100ਰੁ: ਅਤੇ ਲੁੱਡੀ ਵਿੱਚ 1100ਰੁ: ਦੀ ਰਾਸ਼ੀ ਪ੍ਰਾਪਤ ਕੀਤੀ (ਇਨਾਮ ਰਾਸ਼ੀ ਵਜੋਂ)।
- ਕਾਲਜ ਵੱਲੋਂ 14 ਲੋਕ ਗੀਤ ਤੇ ਨਾਚ ਆਈਟਮਾਂ (ਗੈਸਟ ਆਈਟਮਜ਼ ) ਦੇ ਤੌਰ ਤੇ ਪੇਸ਼ ਕਰਕੇ ਸ਼ਲਾਘਾ ਹਾਸਲ ਕੀਤੀ।ਸ਼ਾਹੀ ਮੁਟਿਆਰਾ ਮੁਕਾਬਲੇ ਵਿੱਚ ਡਾਂਸ ਵਿਭਾਗ ਦੀ ਵਿਦਿਆਰਥਣ ਸੁਰੇਆ ਨੇ ਦੂਜਾ ਸਥਾਨ ਹਾਸਲ ਕੀਤਾ।
- ਸਭਿਆਚਾਰਕ ਅਤੇ ਸੰਸਕ੍ਰਿਤਕ ਖੇਤਰ ਵਿੱਚ ਨ੍ਰਿਤ ਵਿਭਾਗ ਅਤੇ ਸੰਗੀਤ ਵਿਭਾਗ ਜਿੱਥੇ ਸ਼ਾਨਦਾਰ ਪ੍ਰੋਗਰਾਮ ਪੇਸ਼ ਕਰਦੇ ਹਨ ਉੱਥੇ ਹੀ ਕੋਮਲ ਕਲਾ ਵਿਭਾਗ ਕਾਲਜ ਵਿੱਚ ਹਰ ਸਮਾਰੋਹ ਮੌਕੇ ਅਤੇ ਹੈਰੀਟੇਜ਼ ਉਤਸਵਾਂ ਵਾਸਤੇ ਸ਼ਾਨਦਾਰ ਸਜਾਵਟ ਕਰਦਾ ਹੈ ਅਤੇ ਸਟੇਜ਼ ਸੈਟਿੰਗ ਦੀ ਚਿੱਤਰਕਲਾ , ਪੇਪਰ ਕਟਿੰਗ ਕਲਾ ਅਤੇ ਉਤਸਵਾਂ ਸਬੰਧੀ ਲੋੜੀਂਦੀ ਸੰਸਕ੍ਰਿਤਿਕ ਕਰਾਫਟ ਦੀ ਮਦਦ ਨਾਲ ਸ਼ੋਭਾ ਵਧਾਉਂਦਾ ਹੈ।

## ਐਨ.ਸੀ.ਸੀ.

- ਮਿਤੀ 19.07.2022 ਨੂੰ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ ਜਿਸ ਵਿੱਚ 04 ਪੰਜਾਬ ਗਰਲਜ਼ ਬਆਲੀਅਨ ਦੁਆਰਾ 50 ਬੂਟੇ ਲਗਾਏ ਗਏ।
- ਮਿਤੀ 10.08.2022 ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ **"ਹਰ ਘਰ ਤਿਰੰਗਾ"** ਨੂੰ ਮਨਾਉਣ ਲਈ ਕੈਡਿਟਾਂ ਦੇ ਨਾਲ ਨਾਲ ਕਾਲਜ ਦੇ ਹੋਰ ਵਿਦਿਆਰਥੀਆਂ ਨੂੰ ਅਤੇ ਸਟਾਫ ਨੂੰ ਰਾਸ਼ਟਰੀ ਝੰਡੇ ਵੰਡੇ ਗਏ।
- ਮਿਤੀ 12.08.2022 ਨੂੰ 4 ਪੰਜਾਬ ਗਰਲਜ਼ ਬਟਾਲੀਅਨ ਅਤੇ 05 ਪੰਜਾਬ ਬਟਾਲੀਅਨ ਵੱਲੋਂ " ਹਰ ਘਰ ਤਿਰੰਗਾ" ਰੈਲੀ ਕੱਢੀ ਗਈ , ਜਿਸ ਵਿੱਚ ਵੱਡੀ ਗਿਣਤੀ ਵਿੱਚ ਕੈਡਿਟਾਂ ਅਤੇ ਸਟਾਫ ਮੈਂਬਰਾਂ ਨੇ ਭਾਗ ਲਿਆ।
- ਮਿਤੀ 14.08.2022 ਨੂੰ ਐਨ.ਸੀ.ਸੀ. ਕੈਡਿਟਾਂ ਨੇ ਰਾਜਨੀਤੀ ਵਿਗਿਆਨ ਵਿਭਾਗ ਦੁਆਰਾ **ਰਾਸ਼ਟਰੀ ਝੰਡੇ ਦੀ ਮਹੱਤਤਾ** ਵਿਸ਼ੇ ਤੇ ਆਯੋਜਿਤ ਲੈਕਚਰ ਵਿੱਚ ਭਾਗ ਲਿਆ।
- ਮਿਤੀ 15.08.2022 ਨੂੰ 4 ਪੰਜਾਬ ਗਰਲਜ਼ ਬਟਾਲੀਅਨ ਦੇ ਕੈਡਿਟਾਂ ਨੇ ਸੁਤੰਤਰਤਾ ਦਿਵਸ ਪਰੇਡਵਿੱਚ ਭਾਗ ਲਿਆ ਅਤੇ ਮਾਰਚ ਪਾਸਟ ਵਿੱਚ ਦੂਜਾ ਸਥਾਨ ਹਾਸਿਲ ਕੀਤਾ।

- ਮਿਤੀ 16.08.2022 ਨੂੰ ਐਨ.ਸੀ.ਸੀ. ਕੈਡਿਟਾਂ ਵੱਲੋਂ ਜੰਗੀ ਹਥਿਆਰਾਂ ਅਤੇ ਜੰਗੀ ਤਕਨੀਕ ਨੂੰ ਦੇਖਣ ਲਈ ਛਾਉਣੀ ਖੇਤਰ ਵਿੱਚ ਤਾਸ਼ੀ ਟੇਂਗ ਮੱਠ ਦਾ ਦੌਰਾ ਕੀਤਾ ਗਿਆ।
- ਮਿਤੀ 09.09.2022 ਨੂੰ ਕੈਂਪਸ ਨੂੰ ਹਰਿਆ-ਭਰਿਆ ਬਨਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਮੁਹਿੰਮ ਤਹਿਤ ਡਾ. ਬਲਬੀਰ ਸਿੰਘ (ਐਮ.ਐਲ.ਏ ਪਟਿਆਲਾ, ਦਿਹਾਤੀ ) ਅਤੇ ਉਹਨਾਂ ਦੀ ਪਤਨੀ ਡਾ. ਰੁਪਿੰਦਰ ਸੈਣੀ ਵੱਲੋਂ ਫਲਦਾਰ ਬੂਟੇ ਲਗਾਏ ਗਏ ਜਿਹਨਾਂ ਦੀ ਸਾਂਭ ਸੰਭਾਲ ਦਾ ਜਿੰਮਾ ਵਿਦਿਆਰਥਣਾਂ ਨੇ ਲਿਆ।
- ਮਿਤੀ 15.09.2022 ਤੋਂ 22.09.2022 ਤੱਕ ਜੀ.ਆਰ.ਸੀ. ਸੰਗਰਰੂਰ ਵਿਖੇ ਏਟੀਸੀ 120 ਵਿੱਚ 34 ਕੈਡਿਟਾਂ ਨੇ ਭਾਗ ਲਿਆ।
- ਮਿਤੀ 06.11.2022 ਤੋਂ 13.11.2022, ਐਨ.ਸੀ.ਸੀ. ਰੂਪਨਗਰ ਵਿਖੇ ਅਭਿਲਾਸ਼ਾ , ਰਾਜਿੰਦਰ ਨੂੰ ਪ੍ਰੀ ਆਰਡੀ.ਸੀ. 2023 ਲਈ ਚੁਣਿਆ ਗਿਆ।
- ਸੀਏਟੀਸੀ 128 ਵਿੱਚ ਕਿਤੀ 12.11.2022 ਤੋਂ 21 .11. 2022 ਤੰਕ 14 ਵਿਦਿਆਰਥੀਆਂ ਨੇ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਕੈਂਪ ਲਗਾਇਆ।
- ਮਿਤੀ 27.11.2022 ਨੂੰ ਖ਼ੂਨਦਾਨ ਕੈਂਪ ਵਿੱਚ ਵੱਖ-ਵੱਖ ਡਿਊਟੀਆਂ ਨਿਭਾਈਆਂ ਅਤੇ ਕੈਡਿਟਾਂ ਨੇ ਖ਼ੂਨਦਾਨ ਕੀਤਾ।
- ਮਿਤੀ 13.12.2022 ਨੂੰ ਡੀ.ਪੀ.ਆਈ ਕਾ. ਦੇ ਦਿਸ਼ਾ ਨਿਰਦੇਸ਼ਾ ਅਧੀਨ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਉਹਨਾਂ ਨੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਪਹੁੰਚੇ ।
- ਮਿਤੀ 26 ਜਨਵਰੀ 2023 ਨੂੰ ਪੋਲੋਗਰਾਂਓਂਡ ਵਿਖੇ ਗਣਤੰਤਰ ਦਿਵਸ ਪਰੇਡ ਵਿੱਚ ਹਿੱਸਾ ਲਿਆ। ਅਗਵਾਈ ਅੰਡਰ ਅਫਸਰ ਅਮਰਜੀਤ ਕੌਰ ਦੁਆਰਾ ਕੀਤੀ ਅਤੇ ਪਰੇਡ ਨੇ ਦੂਸਰਾ ਸਥਾਨ ਹਾਸਿਲ ਕੀਤਾ।
- ਮਿਤੀ 26.01.2023 ਨੂੰ ਗਣਤੰਤਰ ਦਿਵਸ ਦੀ ਪਰੇਡ ਮੌਕੇ ਨਵੀਂ ਦਿੱਲੀ ਵਿਖੇ ਅੰਡਰ ਅਫਸਰ ਅਭਿਲਾਸ਼ਾ ਕੁਮਾਰੀ ਹਿੱਸਾ ਲਿਆ ਅਤੇ ਪੰਜਾਬ, ਹਰਿਆਣਾ, ਹਿਮਾਚਲ ਚੰਡੀਗੜ੍ਹ ਵਿੱਚ ਕੰਟੀਜੈਂਟ ਨੇ ਤੀਜਾ ਸਥਾਨ ਹਾਸਿਲ ਕੀਤਾ।
- ਮਿਤੀ 28. 01.2023 ਨੂੰ ਪ੍ਰਧਾਨ ਮੰਤਰੀ ਦੀ ਰੈਲੀ ਵਿੱਚ ਅਭਿਲਾਸ਼ਾ ਕੁਮਾਰੀ ਨੇ ਹਿੱਸਾ ਲਿਆ ਜਿਸ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਅਤੇ ਡੀ.ਜੀ.ਐਨ.ਸੀ.ਸੀ. ਫੌਜ ਦ ਮੁੱਖੀ ਨਵਲ ਸਟਾਫ਼ ਦੇ ਮੁੱਖੀ ਅਤੇ ਏਅਰ ਫੀਲਡ ਮਾਰਸ਼ਲ ਨੂੰ ਮਿਲਣ ਦਾ ਮੌਕਾ ਪ੍ਰਾਪਤ ਹੋਇਆ।
- ਮਿਤੀ 28.01.2023 ਨੂੰ ਪਟਿਆਲਾ ਹੈਰੀਟੇਜ ਫੈਸਟ ਦੌਰਾਨ ਐਨ.ਸੀ.ਸੀ. ਦੇ ਕੈਡਿਟਾਂ ਨੇ ਪਟਿਆਲਾ ਹੈਰੀਟੇਜ ਅਤੇ ਆਰਮੀ ਲਿਟਰੇਰੀ ਫੈਸਟੀਵਲ ਲਈ ਖਾਲਸਾ ਕਾਲਜ, ਪਟਿਆਲਾ ਦਾ ਦੌਰਾ ਕੀਤਾ।ਫੌਜ਼ ਦੇ ਜੰਗੀ ਹਥਿਆਰਾ ਦੀ ਪ੍ਰਦਰਸਨੀ ਦੇਖਣ ਲਈ ਕੈਡਿਟਾਂ ਨੇ ਭਾਗ ਲਿਆ।
- ਮਿਤੀ 02.02.2023 ਨੂੰ ਪੰਜਾਬ ਦੇ ਮਾਣਯੋਗ ਰਾਜਪਾਲ ਅਤੇ ਉੱਚ ਸਿੱਖਿਆ ਵਿਭਾਗ ਵੱਲੋਂ ਕੈਡਿਟ ਅਭਿਲਾਸ਼ਾ ਕੁਮਾਰੀ ਨੂੰ ਗਣਤੰਤਰ ਦਿਵਸ ਪਰੇਡ ਅਤੇ ਪ੍ਰਧਾਨ ਮੰਤਰੀ ਰੈਲੀ 2023 ਵਿੱਚ ਭਾਗ ਲੈਣ ਲਈ ਯਾਦਗਾਰੀ ਚਿੰਨ੍ਹ ਅਤੇ ਪ੍ਰੰਸ਼ਸਾ ਪੱਤਰ ਦਿੱਤਾ ਗਿਆ।
- ਮਿਤੀ 04.02.2023 ਨੂੰ 75 ਕੈਡਿਟਾਂ ਨੇ ਏਅਰ ਸ਼ੋਅ ਅਤੇ ਡਿਸਪਲੇ ਦੇਖਣ ਲਈ ਐਵੀਏਸ਼ਨ ਕਲੱਬ ਪਟਿਆਲਾ ਦਾ ਦੌਰਾ ਕੀਤਾ।
- ਮਿਤੀ 08.02.2023 ਨੂੰ ਕਾਲਜ ਦੇ ਦੋ (ਸੀਨੀਅਰ ਅੰਡਰ ਅਫ਼ਸਰ ਅਭਿਲਾਸ਼ਾ ਕੁਮਾਰੀ ਅਤੇ ਅੰਡਰ ਅਫ਼ਸਰ ਅਮਰਜੀਤ ਕੌਰ) ਚਮਕਦੇ ਸਿਤਾਰਿਆਂ ਦਾ ਸਵਾਗਤ ਸਮਾਗਮ ਕਰਵਾਇਆ ਗਿਆ।
- ਨਸ਼ਾ ਮੁਕਤੀ ਅਭਿਆਨ ਸਭਾ ਭਵਨ ਵਿਖੇ ਕੈਡਿਟਾਂ ਨੂੰ ਨਸ਼ਾ ਮੁੱਕਤੀ ਅਭਿਆਨ ਲਾਈਵ ਟੈਲੀਕਾਸ ਬਾਰੇ ਆਨ ਲਾਈਨ ਪ੍ਰੋਗਰਾਮ ਦਿਖਾਇਆ ਗਿਆ।ਇਸ ਵਿੱਚ 120 ਕੈਡਿਟ ਅਤੇ ਸਟਾਫ਼ ਨੇ ਭਾਗ ਲਿਆ।
- ਖਾਲਸਾ ਕਾਲਜ ਪਟਿਆਲਾ ਵਿਖੇ "8" ਸਰਟੀਫਿਕੇਟ ਦੀ ਪ੍ਰੀਖਿਆ ਵਿੱਚ 34 ਕੈਡਿਟ ਸ਼ਾਮਿਲ ਹੋਏ।

## ਕੌਮੀ ਸੇਵਾ ਯੋਜਨਾ

- ਇਸ ਸਮੇਂ ਕਾਲਜ ਵਿੱਚ ਐਨ.ਐਸ.ਐਸ. ਦੇ **ਤਿੰਨ ਯੂਨਿਟ** ਹਨ ਜਿਹਨਾਂ ਵਿੱਚ **300** ਵਲੰਟੀਅਰ ਸ਼ਾਮਿਲ ਹਨ।ਐਨ.ਐਸ.ਐਸ. ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰੋਗਰਾਮ ਅਫਸਰ ਪ੍ਰੋ. ਜੈਸਮੀਨ ਅਤੇ ਪ੍ਰੋਗਰਾਮ ਅਫਸਰ ਡਾ. ਮੀਤਿਕਾ  ਗੋਇਲ ਅਤੇ ਪ੍ਰੋ. ਬਲਵਿੰਦਰ ਕੌਰ , ਸੇਵਾਵਾਂ ਨਿਭਾ ਰਹੇ ਹਨ।
- ਅਗਸਤ 01 ਤੋਂ ਅਗਸਤ 15 ਤੱਕ 50ਵਲੰਟੀਅਰਾਂ ਨੇ ਸਵੱਛਤਾ ਖੜਵਾੜਾ ਮਨਾਇਆ , ਜਿਸ ਦੌਰਾਨ ਕਾਲਜ ਕੈਂਪਸ ਦੀ ਸਫਾਈ ਕੀਤੀ ਗਈ , ਬੂਟੇ ਲਗਾਏ ਗਏ ਅਤੇ ਪੋਸਟਰ ਬਣਾਏ ਗਏ।
- ਸਤੰਬਰ 12 ਨੂੰ 30 ਵਲੰਟੀਅਰਾਂ ਨੇ ਲਿੰਕ ਜੁਆਇੰਨ ਕਰਕੇ "ਨਸ਼ਾ ਮੁਕਤ ਭਾਰਤ ਅਭਿਆਨ "**ਇੰਟਰਐਕਸ਼ਨ ਵਿੱਚ ਨੈਸ਼ਨਲ ਕੈਡਿਟ ਕਾਰਪਸ** " ਵਿੱਚ ਭਾਗ ਲਿਆ।
- ਸਤੰਬਰ 2022 ਵਿੱਚ ਹੀ "ਪੋਸ਼ਣ ਮਾਹ" ਮਨਾਇਆ ਗਿਆ , ਲੇਖ ਮੁਕਾਬਲੇ ਕਰਵਾਏ ਗਏ ਅਤੇ ਪੇਪਰ ਰੀਡਿੰਗ ਕਰਵਾਈ।
- 19 ਅਕਤੂਬਰ 2022 ਨੂੰ 60 ਵਲੰਟੀਅਰਾਂ ਨੇ ਇੱਕ ਰੋਜ਼ਾ ਕੈਂਪ ਵਿੱਚ ਪੰਜਾਬ ਦੇ ਖੇਤਾਂ ਵਿੱਚ ਪਰਾਲੀ ਨਾ ਸੜਾਉਣ ਸਬੰਧੀ ਮੈਗਾ ਜਾਗਰੂਕਤਾ ਰੈਲੀ ਕੱਢੀ।
- ਅਕਤੂਬਰ 31 ਨੂੰ 60 ਵਲੰਟੀਅਰਾਂ ਨੇ ਰਾਸ਼ਟਰੀ ਏਕਤਾ ਦਿਵਸ ਮਨਾਇਆ । ਸਰਦਾਰ ਵੱਲਭ ਭਾਈ ਪਟੇਲ ਨੂੰ ਯਾਦ ਕਰਦਿਆਂ ਰਾਸ਼ਟਰੀ ਏਕਤਾ ਸਬੰਧੀ ਸਹੁੰ ਚੁੱਕੀ।
- ਅਕਤੂਬਰ 01 ਤੋਂ ਅਕਤੂਬਰ 31 **ਕਲੀਨ ਇੰਡੀਆ ਮੁਹਿੰਮ** ਤਹਿਤ ਸਫਾਈ ਕਰਵਾਈ , ਪਲਾਸਟਿਕ ਦੀ ਵਰਤੋਂ ਨਾ ਕਰਨ ਸਬੰਧੀ ਜਾਗਰੂਕਤਾ ਮੁਹਿੰਮ ਚਲਾਈ । ਪਿੰਡ ਖੇੜੀ ਗੁਜਰਾਂ ਵਿਖੇ ਇੱਕ ਰੋਜ਼ਾ ਕੈਂਪ ਲਗਾਇਆ।
- 15 ਨਵੰਬਰ ਨੂੰ 72 ਵਲੰਟੀਅਰਾਂ ਵੱਲੋਂਇੱਕ ਰੋਜ਼ਾ ਕੈਂਪ ਲਗਾਇਆ ਜਿਸ ਵਿੱਚ ਕੈਂਪਸ ਅਤੇ ਮੋਦੀ ਕਾਲਜ ਨੇ ਮੋਦੀ ਕਾਲਜ ਦੇ ਚੌਂਕ ਤੱਕ ਸਫਾਈ ਕੀਤੀ।ਕਮਿਸ਼ਨਰ ਨਗਰਨਿਗਮ ਪਟਿਆਲਾ ਸ਼੍ਰੀਮਤੀ ਪੂਨਮਦੀਪ ਕੌਰ ਨੇ ਹਰੀ ਝੰਡੀ ਦੇਕੇ ਵਲੰਟੀਅਰਾਂ ਨੂੰ ਰਵਾਨਾ ਕੀਤਾ।
- 09 ਦਸੰਬਰ ਨੂੰ 150 ਵਲੰਟੀਅਰਾਂ ਨੇ ਇੱਕ ਰੋਜ਼ਾ ਕੈਂਪ ਲਗਾਹਿਆ । ਕਾਲਜ ਕੈਂਪਸ ਦੀ ਸਫਾਈ ਕਰਾਈ ਗਈ।
- 13 ਜਨਵਰੀ ਨੂੰ 100 ਵਲੰਟੀਅਰਾਂ ਅਤੇ 03 ਪ੍ਰੋਗਰਾਮ ਅਫਸਰਾਂ ਨੇ26ਵੇਂ ਨੈਸ਼ਨਲ ਯੂਥ ਫੈਸਟੀਵਲ ਦੇ ਲਾਈਵ ਟੈਲੀਕਾਸਟ ਵਿੱਚ ਭਾਗ ਲਿਆ।
- 11 ਜਨਵਰੀ ਤੋਂ 17 ਜਨਵਰੀ ਤੱਕ ਸੜਕ ਸੁਰੱਖਿਆ ਸਪਤਾਹ ਅਧੀਨ  12 ਜਨਵਰੀ ਨੂੰ ਵਿਦਿਆਰਥਣਾਂ ਨੂੰ ਡਰਾਈਵਿੰਗ ਸਮੇਂ ਹੈਲਮਟ ਅਤੇ ਸੀਟ ਬੈਲਟ ਦੇ ਪ੍ਰਯੋਗ ਬਾਰੇ ਜਾਗਰੂਕ ਕੀਤਾ। 13 ਜਨਵਰੀ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਦੀ ਸਲਾਈਡ ਦਿਖਾਈ। 16 ਜਨਵਰੀ ਨੂੰ ਪ੍ਰੋ. ਸ਼ਾਮ ਸੁੰਦਰ ਸ਼ਰਮਾ ਜੀ ਨੇ ਟਰੈਫਿਕ ਨਿਯਮਾਂ ਦੀ ਜਾਣਕਾਰੀ ਸਬੰਧੀ ਵਿਸ਼ੇਸ਼ ਲੈਕਚਰ ਦਿੱਤਾ।17 ਜਨਵਰੀ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਹੇਤੂ ਸਹੁੰ ਚੁਕਾਈ।
- 24 ਜਨਵਰੀ ਨੂੰ ਆਨ ਲਾਈਨ ਰਾਸ਼ਟਰੀ ਬਾਲੜੀ ਦਿਵਸ ਮਨਾਇਆ ਜਿਸਦਾ ਥੀਮ ਲੜਕੀਆਂ ਲਈ "ਸਵੈ-ਰੱਖਿਆ" ਸਿਖਲਾਈ ਸੀ।
- 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ, ਵੋਟਾਂ ਦੀ ਮਹੱਤਤਾ ਦਸਦੇ ਹੋਏ ਲੈਕਚਰ ਕਰਵਾਇਆ ਗਿਆ ਅਤੇ ਰੈਲੀ ਕੱਢੀ ਗਈ।
- 26 ਫਰਵਰੀ ਤੋਂ 4 ਮਾਰਚ ਤੱਕ ਸੱਤ ਰੋਜ਼ਾ ਕੈਂਪ (ਦਿਨ-ਬਾਤ) ਪਿੰਡ ਖੇੜੀ ਗੁਜਰਾਂ ਵਿਖੇ ਲਗਾਇਆ ਗਿਆ, ਜਿਸ ਵਿੱਚ 150ਵਲੰਟੀਅਰਾਂ ਨੇ ਭਾਗ ਲਿਆ।

## ਰੈੱਡ ਰਿਬਨ ਕਲੱਬ

ਪ੍ਰੋ. ਰਣਜੀਤ ਕੌਰ , ਨੋਡਲ ਅਫਸਰ ਦੀ ਅਗਵਾਈ ਹੇਠ ਰੈੱਡ ਰਿਬਨ ਕਲੱਬ ਸਮੇਂ-ਸਮੇਂ ਸਿਰ ਰੈਲੀਆਂ ਪੋਸਟਰ ਮੁਕਾਬਲਿਆਂ, ਲੈਕਚਰਾਂ ਰਾਹੀਂ ਨਸ਼ੇ ਵਰਗੀਆਂ ਬਿਮਾਰੀਆਂ ਪ੍ਰਤੀ ਜਾਗਰੂਕ ਕਰਦਾ ਹੈ, ਨਾਲ ਹੀ ਖ਼ੂਨਦਾਨ ਦੇ ਮਹੱਤਵ ਤੋਂ ਜਾਣੂ ਕਰਵਾਓਂਦਾ ਹੈ।

- 15 ਅਗਸਤ ਨੂੰ ਆਜ਼ਾਦੀ ਦਿਵਸ ਮੌਕੇ ਦੇਸ਼ ਭਗਤਾਂ ਦੀ ਯਾਦ ਨੂੰ ਸਮਰਪਿਤ ਪੋਸਟਰ ਅਤੇ ਪੋਟਰੇਟਸ ਤਿਆਰ ਕਰਵਾਏ ਗਏ।
- 14 ਸਤੰਬਰ 2022 ਨੂੰ ਅੰਤਰ ਕਲਾਸ ਕੁਇਜ਼ ਮੁਕਾਬਲਾ ਕਰਵਾਇਆ ਗਿਆ।
- 23 ਸਤੰਬਰ 2022 ਨੂੰਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਕਲੱਬ ਵੱਲੋਂ ਸਾਈਕਲ ਰੈਲੀ ਕਰਵਾਈ ਗਈ, ਵਿਦਿਆਰਥੀਆਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਬਾਰੇ ਪੋਸਟਰ, ਸਲੋਗਨ ਲੇਖਣ ਗਤੀਵਿਧੀਆਂ ਵਿੱਚ ਭਾਗ ਲਿਆ।
- 01 ਅਕਤੂਬਰ 2022 ਨੂੰ "**ਖ਼ੂਨ ਦਾਨ ਦਿਵਸ**" ਦੇ ਮੌਕੇ ਕਾਲਜ ਵਿੱਚ ਖ਼ੂਨਦਾਨ ਪ੍ਰਤੀ ਜਾਗਰੁਕਤਾ ਫੈਲਾਉਣ ਦੇ ਮੰਤਵ ਨੂੰ ਮੁੱਖ ਰੱਖਦਿਆਂ ਅੰਤਰ ਕਲਾਸ ਪੋਸਟਰ ਅਤੇ ਸਲੋਗਨ ਲੇਖਣ ਗਤੀਵਿਧੀਆਂ ਕਰਵਾਈਆਂ ਗਈਆਂ।
- ਅਕਤੂਬਰ ਮਾਹ ਦੌਰਾਨ ਸਵੱਛਤਾ ਅਭਿਆਨ ਦੇ ਟੀਚੇ ਦੀ ਪੂਰਤੀ ਸਬੰਧੀ ਵਿਦਿਆਰਥਣਾਂ ਨੇ ਆਲਾ ਦੁਆਲਾ ਸਾਫ ਰੱਖਣ ਦੇ ਉਪਰਾਲੇ ਕੀਤੇ ਅਤੇ ਕਲੀਨ ਪਟਿਆਲਾ ਵਿਸ਼ੇ ਤੇ ਪੋਸਟਰ ਤਿਆਰ ਕੀਤੇ।
- ਮਿਤੀ 17.10.2022 ਅਤੇ 20.10.2022 ਨੂੰ ਨਹਿਰੂ ਯੁਵਾ ਕੇਂਦਰ ਪਟਿਆਲਾ ਵੱਲੋਂ ਆਯੋਜਿਤ ਪੇਂਟਿੰਗ ਕੈਂਪ ਵਿਸ਼ਾ ਡਿਵਲਪਮੈਂਟ ਆਫ ਇੰਡੀਆ ਵਿੱਚ ਐਮ ਏ ਭਾਗ ਪਹਿਲਾ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ ਭਾਗ ਲਿਆ।
- 2 ਨਵੰਬਰ 2019 ਨੂੰ ਮੋਦੀ ਕਾਲਜ ਪਟਿਆਲਾ ਵਿਖੇ ਹੋਏ ਜਿਲ੍ਹਾ ਪੱਧਰੀ ਮੁਕਾਬਲੇ, ਵਿੱਚ ਵਿਦਿਆਰਥਣਾਂ ਨੇ ਭਾਗ ਲਿਆ।
- 1 ਦਸੰਬਰ 2012 ਨੂੰ **ਵਰਲਡ ਏਡਜ** ਡੇ ਦੇ ਮੌਕੇ ਤੇ ਦਸਤਾਵੇਜ਼ੀ ਫਿਲਮ ਦਿਖਾਈ ਗਈ ਅਤੇ ਪੋਸਟਰ ਮੁਕਾਬਲੇ ਵੀ ਕਰਵਾਏ ਗਏ।
- ਜਨਵਰੀ 2023 ਨੂੰ ਯੂਥ ਦਿਵਸ ਦੇ ਮੌਕੇ ਸਵਾਮੀ ਵਿਵੇਕਾਨੰਦ ਜੀ ਬਾਰੇ ਦਸਤਾਵੇਜ਼ੀ ਫਿਲਮ ਦਿਖਾਈ ਗਈ।
- 31 ਜਨਵਰੀ ਨੂੰ ਸੜਕ ਸੁਰੱਖਿਆ ਨਿਯਮਾਂ ਸਬੰਧੀ ਸਹੁੰ ਚੁੱਕੀ ਗਈ।
- 4 ਫਰਵਰੀ 2013 ਨੂੰ ਵਰਲਡ ਕੈਂਸਰ ਡੇ ਦੇ ਮੌਕੇ ਡਾਕਟਰ ਮਨਪ੍ਰੀਤ ਕੌਰ ਨੇ ਵਿਦਿਆਰਥਣਾਂ ਅਤੇ ਸਟਾਫ ਨੂੰ ਕੈਂਸਰ ਬਾਰੇ ਜਾਗਰੂਕ ਕੀਤਾ।
- 13-14 ਫਰਵਰੀ 2002 ਨੂੰ ਦੋ ਰੋਜ਼ਾ ਯੁਵਕ ਦਿਵਸ ਦੌਰਾਨ ਸਟੇਟ ਕਾਲਜ ਪਟਿਆਲਾ ਵਿਖੇ ਜਿਲ੍ਹਾ ਪੱਧਰੀ ਸਲੋਗਨ ਪੋਸਟਰ ਮੁਕਾਬਲੇ ਵਿੱਚ ਵਿਦਿਆਰਥਣਾਂ ਨੇ ਇਨਾਮ ਜਿੱਤੇ।

## ਰੈੱਡ ਕਰਾਸ

- ਮਿਤੀ 20.09.2023 ਨੂੰ ਰੈੱਡ ਕਰਾਸ ਵੱਲੋਂਮੈਡਮ ਅਮਰਜੀਤ (ਸਾਕੇਤ ਹਸਪਤਾਲ) ਅਤੇ ਅਸਿਸਟੈਂਟ ਜਗਤਾਰ ਸਿੰਘ ਵੱਲੋਂ "ਨਸ਼ਿਆਂ ਦੇ ਦੁਸ਼ਪ੍ਰਭਾਵ " ਵਿਸ਼ੇ ਤੇ ਵਿਦਿਆਰਥਣਾਂ ਲਈ ਲੈਕਚਰ ਕਰਵਾਇਆ ਗਿਆ।
- ਮਿਤੀ 16 ਜਨਵਰੀ 2023 ਨੂੰ "ਸੜਕ ਸੁਰੱਖਿਆ ਸਪਤਾਹ" ਦੌਰਾਨ ਵਿਦਿਆਰਥੀਆਂ ਲੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਸਹੁੰ ਚੁੱਕੀ ਅਤੇ ਇਸ ਦਿਨ ਪ੍ਰੋ. ਸ਼ਾਮ ਸੁੰਦਰ ਸ਼ਰਮਾ ਦਬਆਰਾ " ਸੜਕ ਸੁਰੱਖਿਆ ਵਿਸ਼ੇ ਤੇ ਲੈਕਚਰ ਵੀ ਕਰਵਾਇਆ ਗਿਆ।

- ਮਿਤੀ 15 ਮਾਰਚ 2023 ਨੂੰ ਕਾਲਜ ਦੇ 56ਵੇਂ ਸਾਲਾਨਾ ਖੇਡ ਸਮਾਰੋਹ ਦੌਰਾਨ ਰੈੱਡ ਕਰਾਸ ਵੱਲੋਂ ਮੁੱਢਲੀ ਸਹਾਇਤਾ ਕਾਂਊਟਰ ਲਗਾਇਆ ਗਿਆ।

## ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ

ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ ਦੇ ਕਨਵੀਨਰ ਡਾ. ਸੀਮਾ ਮਨਚੰਦਾ , ਡਾ. ਹਰਪ੍ਰੀਤ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਕੁਲਤਾਰ ਸਿੰਘ ਅਤੇ ਪ੍ਰੋ. ਓਮਨਦੀਪ ਸ਼ਾਸ਼ਤਰੀ ਵੱਲੋਂ ਵੱਖ-ਓੱਖ ਮੌਕਿਆਂ ਦੌਰਾਨ ਕਿੱਤਾ ਸਿਖਲਾਈ ਸਬੰਧੀ ਜਾਣਕਾਰੀ ਦਿੱਤੀ ਗਈ।

ਸੈਸ਼ਨ 2022-23 ਦੌਰਾਨ ਪੰਜਾਬ ਸਰਕਾਰ ਵੱਲੋਂ **ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ** ਅਧੀਨ ਰੁ: 200,000/- ਦੀ ਗਰਾਂਟ ਪ੍ਰਾਪਤ ਹੋਈ। ਜਿਸਦੇ ਅਧੀਨ ਵੱਖ-ਵੱਖ ਵਿਭਾਗਾਂ ਵੱਲੋਂ ਵਿਦਿਆਰਥੀਆਂ ਨੂੰ ਐਕਸਪੋਜ਼ਰ ਵਿਜ਼ਿਟਾਂ ਤੇ ਲਿਜਾਇਆ ਗਿਆ। ਵਿਭਾਗਾਂ ਵੱਲੋਂ ਵਿਦਿਆਰਥਣਾਂ ਦੇ ਹੁਨਰ ਨੂੰ ਨਿਖਾਰਨ ਲਈ ਵਰਕਸ਼ਾਪਾਂ ਲਗਵਾਈਆਂ ਗਈਆਂ ਅਤੇ ਜਾਣਕਾਰੀ ਵਧਾਉਣ ਲਈ ਸੈਮੀਨਾਰ ਕਰਵਾਏ ਗਏ।

- ***ਕਰੀਅਰ ਕਾਂਊਸਲਿੰਗ ਸਕੀਮ*** ਅਧੀਨ ਕਾਲਜ ਦੇ ਲਗਭਗ 50 ਵਿਦਿਆਰਥੀਆਂ ਨੇ " ਕ੍ਰਿਸ਼ੀ ਵਿਗਿਆਨ ਕੇਂਦਰ", ਪਿੰਡ ਰੌਣੀ (ਪਟਿਆਲਾ) ਵਿਖੇ ਐਕਸਪੋਜ਼ਰ ਵਿਜਿਟ ਲਈ ਮਿਤੀ 06.03.2023 ਨੂੰ ਲਿਜਾਇਆ ਗਿਆ।
- ***ਕਰੀਅਰ ਕਾਂਊਸਲਿੰਗ ਸਕੀਮ*** ਅਧੀਨ ਕਾਲਜ ਵਿਦਿਆਰਥੀਆਂ ਦੇ " ਵੇਰਕਾ ਮਿਲਕ ਪਲਾਂਟ ", ਸਰਹਿੰਦ ਰੋਡ (ਪਟਿਆਲਾ) ਵਿਖੇ ਐਕਸਪੋਜ਼ਰ ਵਿਜਿਟ ਲਈ ਮਿਤੀ 07.03.2023 ਨੂੰ ਲਿਜਾਇਆ ਗਿਆ।
- ***ਕਰੀਅਰ ਕਾਂਊਸਲਿੰਗ ਸਕੀਮ*** ਅਧੀਨ ਕਾਲਜ ਵਿਦਿਆਰਥੀਆਂ ਦੇ " ਹਿਸਟਰੀ ਮਿਊਜ਼ਿਅਮ ਅਤੇ ਬਰਡ ਸੈਂਕਚੂਰੀ ",ਚੰਡੀਗੜ੍ਹ ਵਿਖੇ ਐਕਸਪੋਜ਼ਰ ਵਿਜਿਟ ਲਈ ਮਿਤੀ 11.03.2023 ਨੂੰ ਲਿਜਾਇਆ ਗਿਆ।
- ***ਕਰੀਅਰ ਕਾਂਊਸਲਿੰਗ ਸਕੀਮ*** ਅਧੀਨ ਕਾਲਜ ਵਿਦਿਆਰਥੀਆਂ ਦੇ " ਖਾਲਸਾ ਕਾਲਜ, ਅੰਮ੍ਰਿਤਸਰ ਲਈ ਜੀ-20 ਸੰਮੇਲਨ ਦੌਰਾਨ ਮਿਤੀ 17.03.2023 ਨੂੰ ਲਿਜਾਇਆ ਗਿਆ।
- ***ਕਰੀਅਰ ਕਾਂਊਸਲਿੰਗ ਸਕੀਮ*** ਅਧੀਨ ਕਾਲਜ ਵਿਦਿਆਰਥੀਆਂ ਦੇ IT Company, ਮੋਹਾਲੀ ਵਿਖੇ ਐਕਸਪੋਜ਼ਰ ਵਿਜਿਟ ਲਈ ਮਿਤੀ 01.04.2023 ਨੂੰ ਲਿਜਾਇਆ ਗਿਆ।
- ਮਿਤੀ 14.03.2023 ਨੂੰ ਸੰਗੀਤ ਵਾਦਨ ਵਿਭਾਗ ਵੱਲੋਂ ਐਕਟੈਂਸ਼ਨ ਲੈਕਚਰ ਕਰਵਾਇਆ ਗਿਆ।
- ਮਿਤੀ 16.03.2023 ਅਤੇ 1703.2023 ਨੂੰ ਸੰਗੀਤ ਵਾਦਨ ਵਿਭਾਗ ਵੱਲੋਂ ਕਵਾਲੀ ਗਾਇਨ ਸਬੰਧੀ 02 ਰੋਜ਼ਾ ਵਰਕਸ਼ਾਪ ਕਰਵਾਈ ਗਈ।
- ਮਿਤੀ 28.03.2023 ਨੂੰ ਸਾਂਇੰਸ ਵਿਭਾਗ ਵੱਲੋਂ " Plant Taxonomy and Herbarium Techniques ਵਿਸ਼ੇ ਤੇ ਵਰਕਸ਼ਾਪ ਕਰਵਾਈ ਗਈ।
- ਮਿਤੀ 20 ਮਾਰਚ ਤੋਂ 22 ਮਾਰਚ ਤੱਕ ਕੰਪਿਊਟਰ ਸਾਂਇੰਸ ਵੱਲੋਂ ਸਕਿਲ ਐਨਹਾਂਸਮੈਂਟ ਇੰਨ ਨਿਊ ਟੈਕਨਾਲੋਜੀ ਸਬੰਧੀ ਤਿਨ ਰੋਜ਼ਾ ਵਰਕਸ਼ਾਪ ਕਰਵਾਈ ਗਈ।
- ਮਿਤੀ 20 ਮਾਰਚ ਤੋਂ 22 ਮਾਰਚ ਤੱਕ ਹੋਮ ਸਾਂਇੰਸ ਵਿਭਾਗ ਵੱਲੋਂ ਬੇਕਿੰਗ, ਅਚਾਰ ਪਾਉਣ ਸਬੰਧੀ ਤਿੰਨ ਰੋਜ਼ਾ ਵਰਕਸ਼ਾਪ ਲਗਾਈ ਗਈ।

## ਵਾਤਾਵਰਣ ਸੁਸਾਇਟੀ

ਵਾਤਾਵਰਣ ਸਬੰਧੀ ਚੇਤਨਾ ਪ੍ਰਸਾਰ ਕਰਨ ਅਤੇ ਕਾਲਜ ਕੈਂਪਸ ਨੂੰ ਈਕੋ ਫਰੈਂਡਲੀ ਬਨਾਉਣ ਦੇ ਮੰਤਵ ਨੂੰ ਮੁੱਖ ਰੱਖਦਿਆਂ ਕਾਲਜ ਵਿੱਚ ਵਾਤਾਵਰਣ ਸੁਸਾਇਟੀ ਦਾ ਗਠਨ ਕੀਤਾ ਗਿਆ ਹੈ।

- ਮਿਤੀ 22.03.2022 ਨੂੰ ਪ੍ਰਿੰਸੀਪਲ  ਜੀ ਦੇ ਕਾਰਜਕਾਰ ਸੰਭਾਲਣ ਦੇ ਮੌਕੇ ਕਾਲਜ ਕੈਂਪਸ ਵਿੱਚ ਬੂਟੇ ਲਗਵਾਏ ਜਿਹਨਾਂ ਦੀ ਸਾਂਭ ਸੰਭਾਲ ਦਾ ਜਿੰਮਾ ਵਿਦਿਆਰਥੀਆਂ ਨੇ ਲਿਆ।
- ਮਿਤੀ 05.06.2022 ਨੂੰ "ਵਿਸ਼ਵ ਵਾਤਾਵਰਣ ਦਿਵਸ" ਦੇ ਮੌਕੇ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਅਤੇ ਸਲੋਗਨ ਰਾਇਟਿੰਗ ਮੁਕਾਬਲੇ ਕਰਵਾਏ ਗਏ ਅਤੇ ਵਾਤਾਵਰਣ ਚੇਤਨਾ ਰੈਲੀ ਵੀ ਕੱਢੀ ਗਈ। ਰਿਟਾਇਰਡ ਪ੍ਰੋ. ਸ਼ਬਨਮ ਕੌਰ ਸੋਢੀ ਜੀ ਇਸ ਮੌਕੇ ਮੁੱਖ ਮਹਿਮਾਨ ਸਨ।
- ਮਿਤੀ 09.09.2022 ਨੂੰ ਕੈਂਪਸ ਨੂੰ ਹਰਿਆ-ਭਰਿਆ ਅਤੇ ਸ਼ੁੱਧ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਮੁਹਿੰਮ ਤਹਿਤ ਐਮ.ਐਲ ਏ ਪਟਿਆਲਾ (ਦਿਹਾਤੀ) ਅਤੇ ਉਹਨਾਂ ਦੀ ਪਤਨੀ ਡਾ. ਰੁਪਿੰਦਰ ਸੈਣੀ ਵੱਲੋਂ ਫਲਦਾਰ ਬੂਟੇ ਲਗਾਏ ਗਏ ।
- ਫਲਦਾਰ ਫਰੀ ਬੂਟਿਆਂ ਦੀ ਸੇਵਾ ਦਾ ਲੰਗਰ ਵਾਤਾਵਰਣ ਪ੍ਰੇਮੀ, ਕਰਨਲ ਬਿਸ਼ਨ ਦਾਸ ਜੀ ਵੱਲੋਂ ਲਗਾਇਆ ਗਿਆ।

## ਸਾਬਕਾ ਵਿਦਿਆਰਥੀ ਸਭਾ

- ਮਿਤੀ 12.03.2022 ਨੂੰ ਕਾਲਜ ਵਿਖੇ ਐਲੂਮਨੀ ਮੀਟ ਕਰਵਾਈ ਗਈ ਜਿਸ ਵਿੱਚ ਸਕੂਲ ਅਧਿਆਪਕਾਂ ਅਤੇ ਕਾਲਜ ਅਧਿਆਪਕਾਂ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ।ਇਸ ਦੌਰਾਨ ਕਾਲਜ ਦੀ ਐਨਰੋਲਮੈਂਟ ਵਧਾਉਣ ਲਈ ਯਤਨ ਕੀਤੇ ਗਏ।
- 29.04. 2022 ਨੂੰ "ਵਰਲਡ ਡਾਂਸ ਡੇ" ਦੇ ਮੌਕੇ ਤੇ ਸਾਬਕਾ ਵਿਦਿਆਰਥੀ ਸਭਾ ਦੇ ਮੈਂਬਰਾਂ ਨੂੰ ਬੁਲਾਇਆ ਗਿਆ। ਅਤੇ ਰੰਗਾ ਰੰਗ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਸ ਮੌਕੇ  ਪ੍ਰੋਫੈਸਰ ਡਾ. ਜਗਮੋਹਨ ਸ਼ਰਮਾ , ਸੈਕਟਰੀ ਓ.ਐਸ.ਏ.  ਨੂੰ ਸਨਮਾਨਿਤ ਕੀਤਾ ਗਿਆ।ਵਿਦੇਸ਼ ਤੋਂ ਪਹੁੰਚੇ ਮੁੱਖ ਮਹਿਮਾਨ ਸ਼੍ਰੀ ਸ਼ੀਤਲ ਪ੍ਰਸ਼ਾਦ (ਆਸਟ੍ਰੇਲੀਆ) ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵਾਸਤੇ ਸੰਗੀਤ ਵਿਭਾਗਾਂ ਅਤੇ ਕੋਮਲ ਕਲਾ ਵਿਭਾਗ ਨੂਗੰ ਰੁ: 2100 ਪ੍ਰਤੀ ਵਿਭਾਗ ਇਨਾਮ ਦਿੱਤਾ ਗਿਆ ਅਤੇ ਡਾਂਸ ਵਿਭਾਗ ਨੂੰ ਲੋੜੀਂਦੀਆਂ ਡਰੈਸਾਂ ਵਾਸਤੇ ਨਕਦ ਰਾਸ਼ੀ 50,000 ਰੁਪਏ ਪ੍ਰਦਾਨ ਕੀਤੀ ਗਈ।
- ਲੋਹੜੀ ਦੇ ਮੌਕੇ ਤੇ ਵਿਸ਼ਾਲ  ਅਲੂੰਮਨੀ ਮੀਟ ਦਾ ਆਯੋਜਨ ਕੀਤਾ ਗਿਆ।ਡਾ. ਜਗਮੋਹਨ ਸ਼ਰਮਾ ਜੀ ਵੱਲੋਂ ਪ੍ਰਿੰਸੀਪਲਜ਼ ਲਈ ਦੋ ਬੋਰਡ ਜਿਹਨਾਂ ਦੀ ਕੀਮਤ ਲਗਭਗ 13,000 ਰੁਪਏ ਆਈ, ਦਾ ਖਰਚਾਪ੍ਰਦਾਨ ਕੀਤਾ ਗਿਆ ਅਤੇ ਉਹਨਾਂ ਵੱਲੋਂ ਓ.ਐਸ.ਏ ਵਾਸਤੇ ਲਗਭਗ 25,000/- ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਗਈ।ਨਵੀਂ ਕਮੇਟੀ ਦਾ ਗਠਨ ਕੀਤਾ ਗਿਆ।ਲੋਹੜੀ ਦੇ ਮੌਕੇ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਮੌਕੇ ਉੱਘੇ ਕਲਾਕਾਰ ਸ਼੍ਰੀ ਉਜਾਗਰ ਅੰਟਾਲ ਨੇ ਆਪਣੇ ਗੀਤਾਂ ਰਾਂਹੀ ਖੂਬ ਸਮਾਂ ਬੰਨਿਆ।ਰਿਫਰੈਸ਼ਮੈਂਟ ਦਾ ਸਾਰਾ ਖਰਚਾ (ਲਗਭਗ 35000/-) ਸਾਬਕਾ ਵਿਦਿਆਰਥੀ ਸਭਾ ਦੇ ਸੰਯੁਕਤ ਸੱਕਤਰ  ਪ੍ਰੋ. ਰਾਜਿੰਦਰ ਕੌਰ (ਸਾਬਕਾ ਮੁਖੀ ਸੰਗੀਤ ਗਾਇਨ ਵਿਭਾਗ) ਵੱਲੋਂ ਕੀਤਾ ਗਿਆ।

- ਲੋਹੜੀ ਦੇ ਮੌਕੇ ਹੀ ਕਾਲਜ ਪ੍ਰਿੰਸੀਪਲ ਅਤੇ ਕਾਂਉਂਸਲ ਮੈਂਬਰਜ਼ ਵੱਲੋਂ ਰੁ: 5100/- ਸ਼੍ਰੀ ਉਜਾਗਰ ਅੰਟਾਲ ਨੂੰ ਸਨਮਾਨ ਵਜੋਂ ਭੇਂਟ ਕੀਤੇ ਗਏ ਅਤੇ ਡਾ. ਜਗਮੋਹਨ ਸ਼ਰਮਾ ਵੱਲੋਂ ਇੱਕ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ।ਡਾ. ਜੀਵਨ ਬਾਲਾ ਵੱਲੋਂ ਵੀ 1100 ਰੁਪਏ ਉਪਰੋਕਤ ਸੰਗੀਤ ਕਲਾਕਾਰ ਨੂੰ ਪ੍ਰਦਾਨ ਕੀਤੇ ਗਏ।
- ਕਾਲਜ ਵਿੱਚ ਲਗਭਗ 80 ਪ੍ਰਤੀਸ਼ਤ ਸਟਾਫ ਨੇ ਮੈਂਬਰਸ਼ਿਪ ਫੀਸ ਜਮਾਂ ਕਰਵਾਈ ਅਤੇ ਮੈਂਬਰ ਬਣੇ।
- ਡਾ. ਪ੍ਰੀਤਇੰਦਰ ਕੌਰ , ਸੀਨੀਅਰ ਉਪ ਪ੍ਰਧਾਨ (ਓ.ਐਸ.ਏ) ਨੇ ਸਾਰੀਆਂ ਮੀਟਿੰਗਾਂ ਲਈ ਪਾਣੀ ਦੀਆਂ ਬੋਤਲਾਂ ਦਾ ਲਗਭਗ (ਲਗਭਗ 5000 ਰੁਪਏ) ਦੇ ਕਰੀਬ ਖਰਚਾ ਕੀਤਾ।
- ਪ੍ਰੋ. ਰਣਜੀਤ ਕੌਰ ਅਤੇ ਪ੍ਰੋ. ਪੁਸ਼ਪਿੰਦਰ ਨੇ ਮਿਲਕੇ ਕਾਲਜ ਦੇ ਮੁਹਾਂਦਰੇ ਨੇੜੇ ਲੋੜੀਂਦੇ ਪੇਂਟ ਦਾ ਲਗਭਗ 12,000 ਰੁਪਏ ਖਰਚਾ ਕੀਤਾ।
- ਪ੍ਰੈਸ ਪੱਤਰਕਾਰ ਨੂੰ 1500 ਰੁ:, ਸਾਂਊਂਡ ਸਿਸਟਮ ਦਾ 3500 ਰੁ: ਅਤੇ ਟੈਂਟ ਦਾ 4500 ਰੁ: ਦਾ ਖਰਚ ਓ.ਐਸ.ਏ.ਫੰਡ ਵਿੱਚੋਂ ਦਿੱਤਾ ਗਿਆ।
- ਬਹੁਤ ਸਾਰੇ ਲੋੜਵੰਦ ਵਿਦਿਆਰਥੀਆਂ ਨੂੰ ਫੀਸ ਅਤੇ ਮਦਦ ਰਾਸ਼ੀ ਵਜੋਂ ਲਗਭਗ 30,000/-ਦੇ ਕਰੀਬ ਰਾਸ਼ੀ ਪ੍ਰਦਾਨ ਕੀਤੀ ਗਈ।
- ਹਰ 15 ਦਿਨ ਬਾਅਦ ਕਾਰਜਕਾਰਨੀ ਮੈਂਬਰਜ਼ ਦੀ ਮੀਟਿੰਗ ਰੱਖੀ ਜਾਂਦੀ ਹੈ।
- ਸਾਬਕਾ ਵਿਦਿਆਰਥੀ ਸਭਾ ਵੱਲੋਂ ਐਨ.ਸੀ.ਸੀ. ਕੈਡਿਟ ਅਭਿਲਾਸ਼ਾ ਕੁਮਾਰੀ ਨੂੰ ਵੀ 5000 ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਗਈ ।
- ਸਾਬਕਾ ਵਿਦਿਆਰਥੀ ਸਭਾ ਵੱਲੋਂ ਘਾਹ ਕੱਟਣ ਵਾਲੀ ਮਸ਼ੀਨ ਦੀ ਮੋਟਰ ਲਈ ਲਗਭਗ 25000 ਰੁ: ਪ੍ਰਦਾਨ ਕੀਤੇ ਗਏ।
- ਸਾਬਕਾ ਵਿਦਿਆਰਥੀ ਸਭਾ ਵੱਲੋਂ ਕਾਲਜ ਵਿਖੇ ਸਕੂਲ ਵਿਦਿਆਰਥੀਆਂ ਦੀ ਵਿਜ਼ਿਟ ਵਾਸਤੇ 8000 ਰੁ: ਬੱਸ ਉਪਲਬਧੰ ਕਰਵਾਉਣ ਲਈ ਦਿੱਤੇ ਗਏ।ਥਾਪਰ ਇੰਸਟੀਚਿਊਟ, ਪਟਿਆਲਾ ਵੱਲੋਂ ਦਾਨ ਕੀਤੇ ਬੈਂਚਾਂ ਦੀ ਟਰਾੱਪੋਰਟ ਵਾਸਤੇ ਲਗਭਗ 22000/-ਰੁ: ਦਾ ਖਰਚਾ ਪ੍ਰਦਾਨ ਕੀਤਾ ਗਿਆ।
- ਡ੍ਰੋ. ਪੁਸ਼ਪਿੰਦਰ ਵੱਲੋਂ ਐਮ.ਏ. ਡਾਂਸ ਦੇ ਲੋੜਵੰਦ 05 ਵਿਦਿਆਰਥੀਆਂ ਦੀ ਫੀਸ ਵਾਸਤੇ ਨਕਦ 25000 ਰੁਪਏ ਪ੍ਰਦਾਨ ਕੀਤੇ ਗਏ।
- ਸਾਬਕਾ ਵਿਦਿਆਰਥੀ ਸਭਾ ਵੱਲੋਂ ਹੀ ਸਾਂਇੰਸ ਵਿਦਿਆਰਥੀਆਂ ਲਈ ਅਧਿਆਪਕ ਰੱਖੇ ਗਏ ਜਿਹਨਾਂ ਦੀ ਤਨਖਾਹ ਰਾਸ਼ੀ ਸਾਬਕਾ ਵਿਦਿਆਰਥੀ ਸਭਾ ਵੱਲੋਂ ਪ੍ਰਦਾਨ ਕੀਤੀ ਗਈ।
- ਸਾਬਕਾ ਵਿਦਿਆਰਥੀ ਸਭਾ ਦੀਆਂ ਮੀਟਿੰਗਾਂ ਵਿੱਚ ਹੋਣ ਵਾਲਾ ਖਰਚਾ ਸਾਬਕਾ ਵਿਦਿਆਰਥੀ ਸਭਾ ਦੇ ਮੈਂਬਰਾਂ- ਡਾ. ਪੁਸ਼ਪਿੰਦਰ, ਪ੍ਰੋ. ਪ੍ਰੀਤਇੰਦਰ ਕੌਰ ਅਤੇ ਪ੍ਰੋ. ਰਣਜੀਤ ਕੌਰ ਵੱਲੋਂ ਕੀਤਾ ਜਾਂਦਾ ਹੈ।

## ਸਵੀਪ

ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਸਵੀਪ ਪ੍ਰੋਗਰਾਮ ਅਧੀਨ ਜਿਲ੍ਹਾ ਪ੍ਰਸਾਸ਼ਨ ਦੇ ਤਾਲਮੇਲ ਨਾਲ ਸਮੇਂ-ਸਮੇਂ ਸਿਰ ਜਾਗਰੂਕਤਾ ਮੁਹਿੰਮ ਚਲਾਈ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਵੋਟ ਦੇ ਸਹੀ ਇਸਤੇਮਾਲ ਸੰਬੰਧੀ ਜਾਣਕਾਰੀ ਦਿੱਤੀ ਗਈ।25 ਜਨਵਰੀ 2023 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ ਅਤੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੂੰ ਵੋਟ ਦੇ ਸਹੀ ਇਸਤੇਮਾਲ ਦੀ ਸਹੁੰ ਚੁਕਾਈ ਗਈ

## ਕਾਲਜ ਲਾਇਬ੍ਰੇਰੀ

ਕਾਲਜ ਲਾਇਬ੍ਰੇਰੀ ਹਰ ਪੱਖੋਂ ਮੁਕੰਮਲ ਹੈ।ਇੱਥੇ ਵੱਖ-ਵੱਖ ਵਿਸ਼ਿਆ ਨਾਲ ਸਬੰਧਤ **58800** ਪੁਸਤਕਾਂ ਹਨ ਅਤੇ 550 ਬੁੱਕ ਬੈਂਕ ਦੀਆਂ ਕਿਤਾਬਾਂ ਹਨ। ਪੁਸਤਕਾਂ ਦੀ ਜਾਣਕਾਰੀ ਕਲਾਸੀਫਾਈਡ, ਕੰਪਿਊਟਰਾਈਜ਼ਡ ਹੋਣ ਕਰਕੇ ਸਟਾਫ਼ ਅਤੇ ਵਿਦਿਆਰਥਣਾਂ ਲਾਇਬ੍ਰੇਰੀ ਦਾ ਭਰਪੂਰ ਫਾਇਦਾ ਉਠਾ ਰਹੀਆਂ ਹਨ। ਭੁਸਤਕਾਂ ਦਾ ਡਾਟਾ ਬੇਸ ਐਕਸਲ ਸ਼ੀਟ ਓਪੈਕ ਉਪਲਬਧ ਹੈ।ਇਹ ਡਾਟਾ ਕੋਹਾ ਸਾਫਟਵੇਅਰ ਤੇ ਨਾਲ-ਨਾਲ ਅਪਲੋਡ ਕੀਤਾ ਜਾਂਦਾ ਹੈ।

- **ਲਾਇਬ੍ਰੇਰੀ ਵਿੱਚ ਕੰਪਿਊਟਰ ਅਤੇ ਇੰਟਰਨੈੱਟ ਦਾ ਕੁਨੈਕਸ਼ਨ ਹੈ।**

• ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ ਜਿਸ ਦੇ ਤਹਿਤ ਈ-ਪੁਸਤਕਾਂ ਅਤੇ ਈ-ਜਰਨਲ ਵਿਦਿਆਰਥੀਆਂ ਅਤੇ ਸਟਾਫ਼ ਨੂੰ ਮੁੱਹਈਆਂ ਕਰਾਏ ਗਏ ਹਨ। ਪਾਸਵਰਡ ਨਾਲ ਅਤੇ ਸਟਾਫ਼ ਅਤੇ ਵਿਦਿਆਰਥਣਾਂ ਘਰ ਬੈਠ ਕੇ ਹੀ ਇੰਟਰਨੈੱਟ ਤੇ ਇਸ ਦਾ ਫਾਇਦਾ ਉਠਾ ਸਕਦੇ ਹਨ।

• ਲਾਇਬ੍ਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਦੇ 65 ਰਸਾਲੇ /ਜਰਨਲਜ਼ ਅਤੇ 18 ਅਖਬਾਰ (ਅੰਗੇਜ਼ੀ , ਹਿੰਦੀ , ਪੰਜਾਬੀ ਭਾਸ਼ਾ ਆ ਰਹੇ ਹਨ)

• ਕਾਲਜ ਦੀ ਬੁੱਕ ਬੈਂਕ ਤੋਂ ਲੋੜਵੰਦ ਵਿਦਿਆਰਥਣਾਂ ਪੂਰੇ ਸੈਸ਼ਨ ਲਈ ਪੁਸਤਕਾਂ ਇਸ਼ੂ ਕਰਵਾਉਂਦੀਆਂ ਹਨ ਅਤੇ ਪੇਪਰਾਂ ਤੋਂ ਬਾਅਦ ਵਾਪਿਸ ਕਰਦੀਆਂ ਹਨ।

• ਕਾਲਜ ਦੀਆਂ ਪੁਰਾਣੀਆਂ ਲੋਕਲ ਵਿਦਿਆਰਥਣਾਂ ਅਤੇ ਰਿਟਾਇਰਡ ਸਟਾਫ ਵੀ ਲਾਇਬ੍ਰੇਰੀ ਦਾ ਲਾਭ ਲੈਂਦੇ ਹਨ।

• ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ।

• ਲਾਇਬ੍ਰੇਰੀ ਵਿੱਚ ਸਮੇਂ-ਸਮੇਂ ਤੇ ਪੁਸਤਕ ਪ੍ਰਦਰਸ਼ਨੀ ਲਗਾਈ ਜਾਂਦੀ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਸ਼ਹੀਦੇ ਏ ਆਜ਼ਮ ਸਰਦਾਰ ਭਗਤ ਸਿੰਘ , ਸ਼ਹੀਦ ਸੁਖਦੇਵ ਅਤੇ ਸ਼ਹੀਦ ਰਾਜਗੁਰੂ ਜੀ ਦੇ ਸ਼ਹੀਦੀ ਦਿਵਸ ਮੌਕੇ ਪੁਸਤਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।

• ਲਾਇਬ੍ਰੇਰੀ ਆਰੀਐਂਨਟੇਸ਼ਨ ਪ੍ਰੋਗਰਾਮ ਨਵਾਂ ਸੈਸ਼ਨ ਸ਼ੁਰੂ ਹੋਣ ਤੇ ਲਗਾਇਆ ਜਾਂਦਾ ਹੈ।ਜਿਸ ਵਿੱਚ ਨਵੇਂ ਦਾਖਲ ਹੋਏ ਵਿਦਿਆਰਥਣਾਂ ਨੂੰ ਲਾਇਬ੍ਰੇਰੀ ਦੇ ਰੂਬਰੂ ਹੋਣ ਦਾ ਮੌਕਾ ਮਿਲਦਾ ਹੈ ਤੇ ਲਾਇਬ੍ਰੇਰੀ ਟੂਅਰ ਵੀ ਲਗਾਇਆ ਜਾਂਦਾ ਹੈ।

• 19 ਨਵੰਬਰ 2022 ਨੂੰ ਵਿਦਿਆਰਥਣਾਂ ਨੂੰ ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ ਲੈ ਜਾਇਆ ਗਿਆ ਤੇ ਪੁਸਤਕ ਕਲਚਰ ਸਬੰਧੀ ਜਾਗਰੂਕ ਕੀਤਾ ਗਿਆ।

• ਬੈਸਟ ਪ੍ਰੈਕਟਿਸਜ਼ ਜਿਵੇਂ ਜਾਬ ਅਲਰਟ , ਸਕਾਲਰਸ਼ਿਪ ਅਲਰਟ , ਐਗਜ਼ਾਮ ਅਲਰਟ , ਅਖਬਾਰਾਂ ਵਿੱਚੋਂ ਕੱਟ ਕੇ ਡਿਸਪਲੇ ਕੀਤੇ ਜਾਂਦੇ ਹਨ।

• ਸਪੈਸ਼ਲ ਡੇਜ਼ ਤੇ ਅਖਬਾਰਾਂ ਦੀ ਕਟਿੰਗ ਕਰ ਕੇ ਫਾਈਲ ਬਣਾਈ ਜਾਂਦੀ ਹੈ ਜ਼ੋ ਵਿਦਿਆਰਥਣਾਂ ਲਈ ਕੰਪੀਟੀਸ਼ਲ ਅਤੇ ਡਿਬੇਟ ਤਿਆਰ ਕਰਨ ਲਈ ਵਰਤੀ ਜਾਂਦੀ ਹੈ।

• ਪੁਸਤਕ ਲੰਗਰ ਵੀ ਲਗਾਇਆ ਜਾਂਦਾ ਹੈ ਜਿਸ ਵਿੱਚ ਪ੍ਰੋਫੈਸਰ ਅਤੇ ਵਿਦਿਆਰਥਦਾਂ ਪੁਸਤਕਾਂ ਦਾਨ ਕਰਦੇ ਹਨ ਅਤੇ ਪੜ੍ਹਨ ਲਈ ਘਰ ਵੀ ਲਿਜਾ ਸਕਦੇ ਹਨ। ਇਸ ਨਾਲ ਪੁਸਤਕ ਕਲਚਰ ਨੂੰ ਵਧਾਵਾ ਮਿਲਦਾ ਹੈ।

**ਪ੍ਰੋ. ਬੀ.ਐਸ. ਗੋਇਲ ਮੈਮੋਰੀਅਲ ਅਵਾਰਡ**

ਪ੍ਰੋਫੈਸਰ ਰੇਨੂੰ ਗੋਇਲ, ਸਾਬਕਾ ਮੁਖੀ ਹਿੰਦੀ ਵਿਭਾਗ ਦੁਆਰਾ ਆਪਣੇ ਪਿਤਾ ਜੀ ਦੀ ਯਾਦ ਵਿੱਚ ਪ੍ਰੋ. ਬੀ.ਐਸ. ਗੋਇਲ ਮੈਮੋਰੀਅਲ ਐਵਾਰਡ ਸਾਲ 2018-19 ਤੋਂ ਸ਼ੁਰੂ ਕੀਤਾ ਗਿਆ ਸੀ ।ਇਹ ਅਵਾਰਡ ਕਾਲਜ ਦੇ ਦੋ ਉਹਨਾਂ

ਆਊਟਸਟੈਂਡਿੰਗ ਟੀਚਿੰਗ ਫੈਕਲਟੀ ਮੈਂਬਰਾਂ ਨੂੰ ਦਿੱਤਾ ਜਾਂਦਾ ਹੈ ਜਿਹਨਾਂ ਨੇ ਕਾਲਜ ਦੇ ਸਰਵਪੱਖੀ ਵਿਕਾਸ ਵਿੱਚ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਇਆ ਹੈ।

## ਹੋਸਟਲ

ਕਾਲਜ ਵਿੱਚ ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਵਿਦਿਆਰਥਣਾਂ ਦੀ ਰਿਹਾਇਸ਼ ਲਈ ਹੋਸਟਲ ਦਾ ਵੀ ਪ੍ਰਬੰਧ ਹੈ ਜਿਸ ਵਿੱਚ 90 ਕਮਰੇ ਉਪਲਬਧ ਹਨ ਅਤੇ ਉਹਨਾਂ ਵਿੱਚ 450 ਵਿਦਿਆਰਥਣਾਂ ਦੇ ਰਹਿਣ ਦਾ ਪ੍ਰਬੰਧ ਹੈ। ਹੋਸਟਲ ਦੇ ਵਿਦਿਆਰਥੀਆ ਲਈ ਇੱਕ ਟੀਵੀ ਹਾਲ, ਪੜ੍ਹਾਈ ਲਈ ਇੱਕ ਰੀਡਿੰਗ ਹਾਲ ਹੈ ਅਤੇ ਕੱਪੜੇ ਧੋਣ ਲਈ 24 ਵਾਸ਼ਿੰਗ ਮਸ਼ੀਨਾਂ ਹਨ। ਹੋਸਟਲ ਵਿੱਚ ਇੱਕ ਫਸਟ ਏਡ ਰੂਮ ਦੀ ਵੀ ਸਹੂਲਤ ਹੈ। ਹੋਸਟਲ ਵਿੱਚ ਸਮੇਂ-ਸਮੇਂ ਤੇ ਵੱਖ-ਵੱਖ ਐਕਟੀਵੀਟੀਜ਼ ਵੀ ਕਰਵਾਈਆਂ ਜਾਂਦੀਆਂ ਹਨ, ਜਿਵੇਂ ਕਿ ਵਾਤਾਵਰਣ ਦਿਵਸ ਤੇ ਪੌਦੇ ਲਗਾਏ ਗਏ ਅਤੇ ਵਾਤਾਵਰਣ ਜਾਗਰੂਕਤਾ ਸਬੰਧੀ ਮੈਰਾਥਨ ਕਰਵਾਈ ਗਈ। ਗੁਰਪੁਰਬ ਤੇ ਹੋਸਟਲ ਦੀਆਂ ਵਿਦਿਆਰਥਣਾਂ ਵੱਲੋਂ ਸ਼੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ। ਮਿਤੀ 01.11.2022 ਨੂੰ ''ਪੰਜਾਬ ਡੇ'' ਮਨਾਉਣ ਲਈ ਭਾਸ਼ਾ ਵਿਭਾਗ ਲਿਜਾਇਆ ਗਿਆ। 13 ਜਨਵਰੀ 2022 ਨੂੰ ਲੋਹੜੀ ਦਾ ਤਿਓਹਾਰ ਬੜੀ ਹੀ ਧੂਮ ਧਾਮ ਨਾਲ ਮਨਾਹਿਆ ਗਿਆ। ਹੈਰੀਟੇਜ਼ ਫੈਸਟੀਵਲ ਤੇ ਵੱਖ-ਵੱਖ ਪੋਗਰਾਮਾਂ ਵਿੱਚ ਸ਼ੀਸ਼ ਮਹਿਲ, ਕਿਲਾ ਮੁਬਾਰਕ ਤੇ ਪੋਲੋ ਗਰਾਊਂਡ ਲਿਜਾਇਆ ਗਿਆ। ਰੋਜ਼ਗਾਰ ਮੇਲੇ ਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਲਗਾਈ ਗਈ ਵਰਕਸ਼ਾਪ ਵਿੱਚ ਲਿਜਾਇਆ ਗਿਆ। ਓਰੇਨ ਵਿੱਚ ਮੇਕਅਪ ਵਰਕਸ਼ਾਪ ਵਿੱਚ ਲਿਜਾਇਆ ਗਿਆ।

## ਧੰਨਵਾਦ

ਮੈਂ ਸਾਲਾਨਾ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ **ਮਾਣਯੋਗ ਸ. ਭਗਵੰਤ ਸਿੰਘ ਮਾਨ , ਮੁੱਖ ਮੰਤਰੀ ,ਪੰਜਾਬ** ਦਾ ਤਹਿ-ਦਿਲੋਂ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢਕੇ ਸਾਨੂੰ ਨਿਵਾਜਿਆ ਹੈ।

ਦੂਰੋਂ ਨੇੜਿਓਂ ਆਏ ਮਹਿਮਾਨ, ਵੱਖ-ਵੱਖ ਨੁਮਾਇੰਦੇ, ਪੱਤਰਕਾਰ ਅਤੇ ਸੁੱਰਖਿਆ ਕਰਮਚਾਰੀ ਸਭ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਸਮਾਗਮ ਵਿੱਚ ਸ਼ਾਮਿਲ ਹੋ ਕੇ ਸਾਨੂੰ ਨਿਵਾਜਿਆ ਹੈ।

ਮੈਂ ਆਪਣੇ ਕਾਲਜ ਦੇ ਪ੍ਰਧਿਆਪਕ ਮੰਡਲ, ਦਫ਼ਤਰੀ ਸਟਾਫ, ਲੈਬਾਰਟਰੀ ਸਟਾਫ਼ ਅਤੇ ਦਰਜਾ ਚਾਰ ਕਰਮਚਾਰੀਆਂ ਦੀ ਵੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸ਼ਿੱਦਤ ਨਾਲ ਜ਼ਿੰਮੇਵਾਰੀਆਂ ਨਿਭਾਈਆਂ ਹਨ ਅਤੇ ਸਮਾਰੋਹ ਨੂੰ ਸਫ਼ਲ ਬਣਾਇਆ ਹੈ। ਵੱਖ-ਵੱਖ ਖੇਤਰਾਂ ਵਿੱਚ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ ਤੇ ਮੁਬਾਰਕਬਾਦ ਦਿੰਦੀ ਹਾਂ। ਇਸ ਸਮਾਗਮ ਵਿੱਚ ਸ਼ਾਮਿਲ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਇੱਕ ਵਾਰ ਫਿਰ ਦਿਲੋਂ ਧੰਨਵਾਦ ਕਰਦੀ ਹਾਂ।

(ਸ਼੍ਰੀਮਤੀ ਚਰਨਜੀਤ ਕੌਰ )
ਪ੍ਰਿੰਸੀਪਲ